ਸ਼ੇਖ ਫਰੀਦ ਸਾਹਿਬ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਆਪ ਜੀ ਦੇ ਦੋ ਸ਼ਬਦ ਰਾਗ ਆਸਾ, ਦੋ ਸ਼ਬਦ ਰਾਗ ਸੂਹੀ ਵਿਚ ਅਤੇ ਸਲੋਕ ਸ਼ੇਖ ਫਰੀਦ ਕੇ ਸਿਰਲੇਖ ਹੇਠ ਲਿਖੇ ੧੩੦ ਸਲੋਕਾਂ ਵਿਚੋਂ ਆਪ ਦੇ ਲਿਖੇ ੧੧੨ ਸਲੋਕ ਹਨ। ਗੁਰੂ ਨਾਨਕ ਦੇਵ ਜੀ ਦੇ ਚਾਰ ਸਲੋਕ (੩੨, ੧੧੩, ੧੨੦, ੧੨੪), ਗੁਰੂ ਅਮਰ ਦਾਸ ਜੀ ਦੇ ਪੰਜ ਸਲੋਕ (੧੩, ੫੨, ੧੦੪, ੧੨੨, ੧੨੩), ਗੁਰੂ ਰਾਮਦਾਸ ਜੀ ਦਾ ਇਕ ਸਲੋਕ ੧੨੧ ਵਾਂ, ਗੁਰੂ ਅਰਜਨ ਦੇਵ ਜੀ ਦੇ ਅੱਠ ਸਲੋਕ (੭੫, ੮੨, ੮੩, ੧੦੫, ੧੦੮ ਤੋਂ ੧੧੧ ਤਕ) ਹਨ = ਕੁਲ ਜੋੜ ੧੩੦ ਸਲੋਕ ਅਤੇ ੪ ਸ਼ਬਦ। ਆਪ ਜੀ ਨੇ ਬੜਾ ਘੋਰ ਤਪ ਕੀਤਾ। ਜੰਗਲ ਵੀ ਗਾਹੇ ਪਰ ਮਨ ਦੀ ਤਸੱਲੀ ਨਾ ਹੋਈ। ਅਖੀਰ ਦਿੱਲੀ ਵਿਖੇ ਖ੍ਵਾਜਾ ਕੁਤਬਦੀਨ ਬਖਤਿਆਰ ਕਾਕੀ ਤੋਂ ਗਿਆਨ ਲਿਆ। ਬਹੁਤ ਬੰਦਗੀ ਕੀਤੀ, ਪਾਕ ਪਟਨ ਵਿਖੇ ਆਪਣਾ ਪਕੱਾ ਡੇਰਾ ਜਮਾ ਲਿਆ। ਆਪ ਜੀ ਦੀ ਸ਼ਖਸ਼ੀਅਤ, ਮਿੱਠੀ ਬੋਲੀ, ਬੰਦਗੀ ਤੋਂ ਪ੍ਰਭਾਵਿਤ ਹੋ ਕੇ ਜਿੰਨੇ ਹਿੰਦੂ ਲੋਕ ਮੁਸਲਮਾਨ ਬਣੇ, ਔਰੰਗਜੇਬ ਦੀ ਤਲਵਾਰ ਉਤਨੇ ਹਿੰਦੂਆਂ ਨੂੰ ਮੁਸਲਮਾਨ ਨਹੀਂ ਬਣਾ ਸਕੀ। ਆਪ ਜੀ ਦੀ ਰੱਬੀ ਕਲਾਮ ਲੋਕਾਂ ਦੇ ਹਨ੍ਹੇਰੇ ਦਿਲ ਨੂੰ ਸਦਾ ਰੋਸ਼ਨ ਕਰਦੀ ਰਹੇਗੀ।

ਜਿਤੁ ਦਿਹਾੜੈ ਧਨ ਵਰੀ, ਸਾਹੇ ਲਏ ਲਿਖਾਇ ॥ ਮਲਕੁ ਜਿ ਕੰਨੀ ਸੁਣੀਦਾ, ਮੁਹੁ ਦੇਖਾਲੇ ਆਇ ॥ ਜਿੰਦੁ ਨਿਮਾਣੀ ਕਢੀਐ, ਹਡਾ ਕੂ ਕੜਕਾਇ ॥ ਸਾਹੇ ਲਿਖੇ ਨ ਚਲਨੀ, ਜਿੰਦੂ ਕੂੰ ਸਮਝਾਇ ॥੧॥ ਜਿਸ ਦਿਨ ਜੀਵ ਰੂਪ ਇਸਤ੍ਰੀ ਕਾਲ ਰੂਪ ਲਾੜੇ ਨੇ ਵਿਆਹ ਲੈ ਜਾਣੀ ਹੈ, (ਉਸ ਦਿਨ ਦੇ) ਸਾਹੇ (ਪਹਿਲਾਂ ਹੀ) ਲਿਖਾ ਲਏ ਸਨ (ਮੌਤ ਦਾ ਸਮਾਂ ਜੀਵ ਪਹਿਲਾਂ ਹੀ ਲਿਖਾ ਲਿਆਉਂਦਾ ਹੈ) {ਮਰਣੁ ਲਿਖਾਇ ਮੰਡਲ ਮਹਿ ਆਏ ੬੮੬}। ਮੌਤ ਦਾ ਫਰਸ਼ਿਤਾ ਜੋ ਕੰਨਾਂ ਨਾਲ ਸੁਣੀਦਾ ਸੀ, (ਉਹ) ਮੂੰਹ ਆ ਦਿਖਾਉਂਦਾ ਹੈ। ਨਿਮਾਣੀ ਜਿੰਦ ਹੱਡਾਂ ਨੂੰ ਭੰਨ ਤੋੜ ਕੇ (ਸਰੀਰ) ਵਿਚੋਂ ਕੱਢ ਲਈ ਜਾਂਦੀ ਹੈ {ਹਥ ਮਰੋੜੈ ਤਨੁ ਕਪੇ, ਸਿਆਹਹੁ ਹੋਆ ਸੇਤੁ ੧੩੪}। (ਹੇ ਪ੍ਰਾਣੀ!) ਜਿੰਦ ਨੂੰ ਸਮਝਾ, ਕਿ ਲਿਖੇ ਹੋਏ ਸਾਹੇ ਟਲ ਨਹੀ ਸਕਦੇ ਭਾਵ ਮੌਤ ਦਾ ਸਮਾਂ ਖੁੰਝਦਾ ਨਹੀ (ਇਸ ਕਰਕੇ ਭਜਨ ਕਰ)।

ਜਿੰਦੁ ਵਹੁਟੀ ਮਰਣੁ ਵਰੁ, ਲੈ ਜਾਸੀ ਪਰਣਾਇ ॥ ਆਪਣ ਹਥੀ ਜੋਲਿ ਕੈ, ਕੈ ਗਲਿ ਲਗੈ ਧਾਇ ॥ ਵਾਲਹੁ ਨਿਕੀ ਪੁਰ ਸਲਾਤ, ਕੰਨੀ ਨ ਸੁਣੀਆਇ ॥ ਫਰੀਦਾ ਕਿੜੀ ਪਵੰਦੀਈ, ਖੜਾ ਨ ਆਪੁ ਮੁਹਾਇ ॥੧॥ ਜਿੰਦ ਰੂਪ ਵਹੁਟੀ ਨੂੰ ਮੌਤ ਰੂਪ ਪਤੀ ਵਿਆਹ ਕੇ ਲੈ ਜਾਵੇਗਾ। ਜਿੰਦ ਨੂੰ ਅਪਣੇ ਹੱਥਾਂ ਨਾਲ ਤੋਰ ਕੇ (ਇਹ ਦੇਹ) ਕਿਸ ਦੇ ਗਲ ਨੂੰ ਜਾ ਲੱਗੇਗੀ (ਜਿਵੇਂ ਕੁੜੀ ਵਿਦਾ ਹੋਣ ਵੇਲੇ ਮਾਪਿਆਂ ਦੇ ਗਲ ਲਗਦੀ ਹੈ); ਇਹ ਜਿੰਦ ਚਲ ਕੇ ਅਪਣੇ ਹੱਥਾਂ ਨਾਲ ਕਿਸ ਦੇ ਗਲ ਜਾ ਲਗੇਗੀ (ਸੰ. ਸ.; ਫ. ਸ.)। ਵਾਲ ਤੋਂ ਵੀ ਬਰੀਕ ਪੁਰ ਸਲਾਤ ਬਾਰੇ ਤੂੰ ਕੰਨਾਂ ਨਾਲ ਸੁਣਿਆ ਨਹੀ? {ਖੰਨਿਅਹੁ ਤਿਖੀ ਵਾਲਹੁ ਨਿਕੀ, ਏਤੁ ਮਾਰਗਿ ਜਾਣਾ ੯੧੮}। ਫਰੀਦ ਜੀ ਆਖਦੇ ਹਨ, (ਧਰਮ ਗ੍ਰੰਥਾਂ ਦੇ ਉਪਦੇਸ਼ ਦੀਆਂ) ਅਵਾਜਾਂ ਕੰਨੀਂ ਪੈ ਰਹੀਆਂ ਹਨ, ਖੜ੍ਹਾ ਹੋ ਕੇ ਅਪਣੇ ਆਪ ਨੂੰ ਨਾ ਲੁਟਾ (ਅਣ ਸੁਣੀ ਨਾ ਕਰ) {ਕਿੜੀ ਪਵੰਦੀ ਮੁਹਾਇਓਨੁ ਭਾਈ ਬਿਖਿਆ ਨੋ ਲੋਭਾਇ ੬੩੯} ਭਾਵ ਗੁਰੂਆਂ ਪੀਰਾਂ ਦੀਆਂ ਸਿਖਿਆਵਾਂ ਦੀਆਂ ਤਾੜਨਾ ਭਰੀਆਂ ਆਵਾਜਾਂ ਤੇਰੇ ਕੰਨੀਂ ਪੈ ਰਹੀਆਂ ਹਨ, ਪਰ ਤੂੰ ਸੁਣ ਕੇ ਅਸਰ ਹੀ ਨਹੀ ਕਰਦਾ, ਖੜ੍ਹਾ ਹੋ ਕੇ ਆਪਣਾ ਆਪ ਲੁਟਾਈ ਜਾਂਦਾ ਹੈਂ।੧।

ਪਦਾਰਥ = ਜਿਤੁ ਦਿਹਾੜੇ–ਜਿਸ ਦਿਨ। ।ਧਨ–ਜੀਵ ਇਸਤ੍ਰੀ। ਵਰੀ–ਵਿਆਹੀ। ਸਾਹੇ–ਵਿਆਹ ਦਾ ਨੀਯਤ ਸਮਾਂ। ਮਲਕੁ–ਮਲਕ+ਉਲ+ਮੌਤ–ਮੌਤ ਦਾ ਫਰਿਸ਼ਤਾ (ਜਮਰਾਜ)। ਜਿ–ਜੋ। ਕੰਨੀ–ਕੰਨਾਂ ਨਾਲ। ਹਡਾ ਕੂ–ਹੱਡਾਂ ਨੂੰ। ਕੜਕਾਇ–ਭੰਨ ਤੋੜ (ਦੁੱਖ ਦੇ) ਕੇ। ਨ ਚਲਨੀ–ਨਹੀਂ ਟਲਦੇ। ਜਿੰਦੂ ਕੂ–ਜਿੰਦ ਨੂੰ। ਮਰਣੁ ਵਰੁ–ਮੌਤ ਰੂਪ ਪਤੀ। ਲੈ ਜਾਸੀ–ਲੈ ਜਾਵੇਗਾ। ਪਰਣਾਇ–ਵਿਆਹ ਕੇ। ਹਥੀ–ਹੱਥਾਂ ਨਾਲ। ਜੋਲਿ ਕੈ–ਤੋਰ ਕੇ; ਚੱਲ ਕੇ। ਕੈ–ਕਿਸ ਦੇ। ਧਾਇ–ਜਾ ਕੇ; ਦੌੜ ਕੇ। ਵਾਲਹੁ–ਵਾਲ ਤੋਂ ਵੀ। ਨਿਕੀ–ਨਿੱਕੀ (ਬਰੀਕ)। ਪੁਰ ਸਲਾਤ–ਇਸਲਾਮ ਅਨੁਸਾਰ ਨਰਕ ਦੀ ਅੱਗ ਉਤੇ ਬਣਿਆ ਵਾਲ ਤੋਂ ਵੀ ਬਰੀਕ ਪੁਲ, ਜਿਸ ਤੋਂ ਸਭ ਨੂੰ ਲੰਘਣਾ ਪੈਂਦਾ ਹੈ। ਨ ਸੁਣੀਆਇ–ਸੁਣਿਆ ਨਹੀ? ਕਿੜੀ–ਸਾਵਧਾਨ ਕਰਨ ਵਾਲੀ ਆਵਾਜ; ਪੁਕਾਰ; ਤਾੜਨਾ ਭਰੇ ਹੋਕੇ। ਪਵੰਦੀਈ–ਪੈ ਰਹੀਆਂ ਹਨ। ਖੜਾ ਨ ਆਪੁ ਮੁਹਾਇ–ਖੜ੍ਹਾ (ਜਾਗਦਾ) ਹੋਇਆ ਵੀ ਅਪਣਾ ਆਪ ਨਾ ਲੁਟਾ।੧।

ਵਿਆਖਿਆ = ਭਜਨ ਹੀਣ ਮਨੁੱਖ ਦਾ ਮਰਨ ਸਮੇਂ ਜੋ ਕਸ਼ਟ ਹੁੰਦਾ ਹੈ, ਤੇ ਰੂਹ ਦਾ ਜਮਾਂ ਦੇ ਰਸਤੇ ਜਾਣ ਸਮੇਂ ਦੇ ਦੁਖਾਂ ਦਾ ਫਰੀਦ ਜੀ ਨੇ ਵਰਨਣ ਕੀਤਾ ਹੈ।੧।

ਫਰੀਦਾ ਦਰ ਦਰਵੇਸੀ ਗਾਖੜੀ, ਚਲਾਂ ਦੁਨੀਆ ਭਤਿ ॥ ਹੇ ਫਰੀਦ! ਰੱਬ ਦੇ ਦਰਬਾਰ ਦੀ ਫਕੀਰੀ ਧਾਰਨ ਕਰਨੀ ਬੜੀ ਔਖੀ ਹੈ, ਪਰ ਮੈਂ ਤਾਂ ਦੁਨੀਆਂਦਾਰਾਂ ਵਾਂਗ ਹੀ ਚਲਦਾ ਹਾਂ (ਕਿਉਂਕਿ ਦਰਵੇਸਾਂ ਦੀ ਰਹਿਣੀ ਬਹਿਣੀ ਦੁਨੀਆਂ ਦੇ ਲੋਕਾਂ ਤੋਂ ਵਖਰੀ ਹੁੰਦੀ ਹੈ)।

ਅੰਗ ੧੩੭੮ = ਬੰਨਿ੍ ਉਠਾਈ ਪੋਟਲੀ, ਕਿਥੈ ਵੰਞਾ ਘਤਿ ॥੨॥ ਮੈਂ ਜਿਹੜੀ ਫਕੀਰੀ (ਜਾਂ ਦੁਨੀਆਂ ਦਾਰੀ) ਦੀ ਪੰਡ ਬੰਨ੍ਹ ਕੇ ਸਿਰ ਤੇ ਚੁਕੀ ਹੋਈ ਹੈ (ਧਾਰਣ ਕੀਤੀ ਹੈ) ਇਸ ਨੂੰ ਸੁੱਟ ਕੇ ਕਿਥੇ ਜਾਵਾਂ?

ਪਦਾਰਥ = ਦਰ-(ਰੱਬ ਦੇ) ਦਰ ਦੀ; ਦਰਗਾਹ। ਦਰਵੇਸੀ-ਫਕੀਰੀ। ਗਾਖੜੀ-ਔਖੀ। ਦੁਨੀਆ ਭਤਿ-ਦੁਨੀਆਂ (ਦੇ ਰੀਤੀ ਰਿਵਾਜ) ਦੀ ਤਰ੍ਹਾਂ। ਬੰਨ੍ਹਿ-ਬੰਨ੍ਹ ਕੇ। ਪੋਟਲੀ-ਪੰਡ। ਵੰਞਾ-ਜਾਵਾਂ। ਘਤਿ-ਸਿੱਟ ਕੇ।੨।

ਵਿਆਖਿਆ = ਮਾਯਾ ਦੇ ਪਸਾਰੇ ਵਿਚ ਰਹਿ ਕੇ ਫਕੀਰੀ ਨਿਭਾਉਣੀ ਬੜੀ ਔਖੀ ਹੈ। ਬਾਬਾ ਜੀ ਕਹਿੰਦੇ ਹਨ ਮੇਰਾ ਮਨ ਚਲਦਾ ਤਾਂ ਦੁਨੀਆਂਵੀ ਤੌਰ ਤਰੀਕਿਆਂ ਨਾਲ ਹੈ, ਸਿਰ ਤੇ ਚੁਕ ਲਈ ਹੈ ਫਕੀਰੀ ਦੀ ਪੰਡ ਤੇ ਮਨ ਦੁਨੀਆਂ ਦੇ ਚਿੱਕੜ ਵਿਚ ਫਸਦਾ ਜਾ ਰਿਹਾ ਹੈ। ਇਸ ਪੰਡ ਨੂੰ ਸਿੱਟ ਕੇ ਜਾਣ ਨੂੰ ਕੋਈ ਥਾਂ ਨਹੀ। ਜੇ ਛੱਡਾਂ ਤਾਂ ਦੁਨੀਆਂ ਦਾ ਚਿੱਕੜ ਹੈ, ਜੇ ਰਖਦਾ ਹਾਂ ਤਾਂ ਦੁਨੀਆਂ ਤੋਂ ਖਲਾਸੀ ਨਹੀ ਹੁੰਦੀ।੨।

ਕਿਝੁ ਨ ਬੁਝੈ ਕਿਝੁ ਨ ਸੁਝੈ, ਦੁਨੀਆ ਗੁਝੀ ਭਾਹਿ ॥ ਸਾਂਈਂ ਮੇਰੈ ਚੰਗਾ ਕੀਤਾ, ਨਾਹੀ ਤ ਹੰ ਭੀ ਦਝਾਂ ਆਹਿ ॥੩॥ ਹੇ ਭਾਈ! (ਜਿਸ ਦੁਨੀਆਂ ਦੀ ਚਾਲੇ ਮੈਂ ਚਲਦਾ ਹਾਂ) ਇਸ ਦੁਨੀਆਂ ਨੂੰ (ਮਾਯਾ ਦੀ; ਵਿਕਾਰਾਂ) ਲੁਕਵੀਂ ਅੱਗ ਲੱਗੀ ਹੋਈ ਹੈ, ਜਿਸ ਕਰਕੇ ਦੁਨੀਆਂ ਨੂੰ ਧਰਮ ਦੀ ਕੁਛ ਸਮਝ ਨਹੀ, ਨਾ ਅਪਣੇ ਆਪ ਦੀ ਕੁਛ ਸਮਝ (ਗਿਆਨ) ਹੈ {ਗੁਝੀ ਭਾਹਿ ਜਲੈ ਸੰਸਾਰਾ, ਭਗਤ ਨ ਬਿਆਪੈ ਮਾਇਆ ੬੭੩}; ਦੁਨੀਆਂ ਨੂੰ ਕਾਲ ਦੀ ਅੱਗ ਲੱਗੀ ਹੈ (ਕਾਲ ਖਾਈ ਜਾ ਰਿਹਾ ਹੈ) ਪਰ ਲੋਕਾਂ ਨੂੰ ਇਸ ਦੀ ਕੋਈ ਸਮਝ ਨਹੀ। (ਪਰ) ਮਾਲਕ ਖੁਦਾ ਨੇ ਮੇਰੇ ਨਾਲ ਚੰਗਾ ਕੀਤਾ (ਜੋ ਮੈਨੂੰ ਬੰਦਗੀ ਵਿਚ ਲਗਾ ਕੇ ਇਸ ਅੱਗ ਤੋਂ ਬਚਾ ਲਿਆ) ਨਹੀ ਤਾਂ ਮੈਂ ਵੀ (ਦੁਨੀਆਂ ਦੀ) ਗੁੱਝੀ ਅੱਗ ਵਿਚ ਸੜ ਜਾਣਾ ਸੀ।੩।

ਪਦਾਰਥ = ਕਿਝੁ-ਕੁਛ। ਗੁਝੀ ਭਾਹਿ-ਲੁਕੀ ਹੋਈ ਅੱਗ। ਸਾਂਈਂ-ਖੁਦਾ। ਹੰ ਭੀ-ਮੈਂ ਵੀ। ਦਝਾਂ ਆਹਿ-ਸੜ ਜਾਂਦਾ।੩।

ਵਿਆਖਿਆ = ਦੁਨੀਆਂ ਉਪਰੋਂ ਦੇਖਣ ਨੂੰ ਤਾਂ ਸੋਹਣੀ ਲਗਦੀ ਹੈ ਪਰ ਵਿਸ਼ਿਆਂ ਦੀ ਅੱਗ ਲਗੀ ਹੋਈ ਹੈ ਜੋ ਦਿਖਦੀ ਨਹੀ, ਭਾਵ ਵਿਸ਼ੇ ਸੁਆਦਲੇ ਪ੍ਰਤੀਤ ਹੁੰਦੇ ਹਨ ਪਰ ਅੰਤ ਭੈੜਾ ਹੈ। ਮਨ ਬੇ ਚੈਨ ਰਹਿੰਦਾ ਹੈ, ਸਾੜ ਦੇਂਦੇ ਹਨ। ਮੈਨੂੰ ਖੁਦਾ ਨੇ ਬੰਦਗੀ ਦਾ ਸਹਾਰਾ ਦੇ ਕੇ ਇਸ ਅੱਗ ਵਿਚ ਸੜਨ ਤੋਂ ਬਚਾ ਲਿਆ ਹੈ, ਖੁਦਾ ਨੇ ਮੇਰਾ ਭਲਾ ਕੀਤਾ।੩।

ਫਰੀਦਾ ਜੇ ਜਾਣਾ ਤਿਲ ਥੋੜੜੇ, ਸੰਮਲਿ ਬੁਕੁ ਭਰੀ ॥ ਜੇ ਜਾਣਾ ਸਹੁ ਨੰਢੜਾ, ਤਾਂ ਥੋੜਾ ਮਾਣੁ ਕਰੀ ॥੪॥ ਹੇ ਫਰੀਦ! ਜੇ ਮੈਂ ਜਾਣਦੀ ਕਿ ਸੁਆਸ ਰੂਪ ਤਿਲ ਥੋੜੇ (ਗਿਣਤੀ ਦੇ) ਹਨ, ਤਾਂ ਮੈਂ ਸੰਭਲ ਕੇ ਬੁੱਕ ਭਰਦੀ (ਸੁਆਸਾਂ ਨੂੰ ਵਿਅਰਥ ਨਾ ਗੁਆਉਂਦੀ ਤੇ ਭਜਨ ਵਿਚ ਲਾਉਂਦੀ)। ਜੇ ਮੈਂ ਜਾਣਦੀ ਕਿ ਪਤੀ ਮਾਲਕ ਬਾਲਕ ਸੁਭਾਵ ਵਾਲਾ ਹੈ ਤਾਂ ਮੈਂ ਥੋੜਾ ਮਾਣ ਕਰਦੀ (ਹੰਕਾਰ ਨਾ ਕਰਦੀ ਕਿ ਉਹ ਸਿਰਫ ਮੇਰਾ ਹੀ ਹੈ)।੪।

ਪਦਾਰਥ = ਜਾਣਾ-ਜਾਣਦੀ (ਪਤਾ ਹੁੰਦਾ)। ਤਿਲ-ਸੁਆਸ ਰੂਪ ਤਿਲ। ਥੋੜੜੇ-ਥੋੜੇ ਹਨ। ਸੰਮਲਿ-ਸੰਭਲ ਕੇ (ਸਮਝ ਨਾਲ ਸਾਹਾਂ ਦੀ ਵਰਤੋਂ ਕਰਦੀ)। ਬੁਕ ਭਰੀ-ਬੁਕ ਭਰਦੀ। ਸਹੁ-ਪਤੀ। ਨੰਢੜਾ-ਬਾਲ ਸੁਭਾਵ ਵਾਲਾ। ਮਾਣੁ-ਹੰਕਾਰ।੪।

ਵਿਆਖਿਆ = ਜੀਵ ਵਿਚ ਸੁਆਸ ਗਿਣ ਕੇ ਪਾਏ ਹਨ, ਪਰ ਜੀਵ ਨੂੰ ਧਨ ਤੇ ਜੋਬਨ ਦੇ ਹੰਕਾਰ ਕਰਕੇ ਅਹਿਸਾਸ ਹੀ ਨਹੀਂ। ਹਰੀ ਬਚਿਆਂ ਦੇ ਸੁਭਾਵ ਵਾਂਗ ਨਿਰ ਵਿਕਾਰ ਅਤੇ ਸਭ ਨਾਲ ਪ੍ਰੇਮ ਕਰਦਾ ਹੈ। ਚਤੁਰਾਈ ਤੇ ਨਖਰਿਆਂ ਤੇ ਨਹੀ ਰੀਝਦਾ, ਤਾਂ ਇਨ੍ਹਾਂ ਗੱਲਾਂ ਦਾ ਮਾਣ ਨਾ ਕਰਾਂ। ਨਿਮ੍ਰਤਾ ਨਾਲ ਮਿਲਦਾ ਹੈ। ਨਾਮ ਰਸੀਏ ਨੂੰ ਅਰੰਭ ਵਿਚ ਨਾਮ ਦਾ ਰਸ ਆ ਕੇ ਹੰਕਾਰ ਪੈਦਾ ਹੋ ਜਾਂਦਾ ਹੈ ਤੇ ਰਸ ਟੁੱਟ ਜਾਂਦਾ ਹੈ। ਫਰੀਦ ਜੀ ਦਾ ਇਸ ਵੱਲ ਇਸ਼ਾਰਾ ਹੈ।੪।

ਜੇ ਜਾਣਾ ਲੜੁ ਛਿਜਣਾ, ਪੀਡੀ ਪਾਈਂ ਗੰਢਿ ॥ ਤੈ ਜੇਵਡ ਮੈ ਨਾਹਿ ਕੋ, ਸਭੁ ਜਗੁ ਡਿਠਾ ਹੰਢਿ ॥੫॥ (ਵਿਆਹ ਸਮੇਂ ਮੁੰਡੇ ਦਾ ਪੱਲਾ ਕੁੜੀ ਨੂੰ ਫੜਾਇਆ ਜਾਂਦਾ ਹੈ, ਇਸਦਾ ਭਾਵ ਹੁੰਦਾ ਹੈ ਕਿ ਪਿਆਰ ਦੀ ਪੱਕੀ ਗੰਢ ਬਣੀ ਰਹੇ) ਜੇ ਮੈਨੂੰ ਪਤਾ ਹੁੰਦਾ ਕਿ ਲੜ ਖੁਲ੍ਹ ਜਾਣ ਵਾਲਾ ਹੈ ਤਾਂ ਮੈਂ ਪੱਕੀ ਗੰਢ ਪਾਉਂਦਾ; ਜੇ ਪਤਾ ਹੁੰਦਾ ਕਿ ਸਰੀਰ ਰੂਪ ਲੜ ਨਾਸ਼ ਹੋ ਜਾਣਾ ਹੈ, ਤਾਂ ਹੇ ਖੁਦਾ! ਮੈਂ ਤੇਰੇ ਵਿਚ ਹੀ ਪੱਕੀ ਗੰਢ (ਦ੍ਰਿੜ੍ਹ ਪ੍ਰੇਮ) ਪਾਉਂਦਾ (ਫ. ਸ.; ਸੰ. ਸ.)। (ਕਿਉਂਕਿ) ਮੈਂ ਸਾਰਾ ਜਗਤ ਫਿਰ ਕੇ ਦੇਖ ਲਿਆ ਹੈ, (ਹੇ ਖੁਦਾ!) ਤੇਰੇ ਜਿੰਨਾ ਵੱਡਾ ਮੈਨੂੰ ਕੋਈ ਨਹੀ (ਦਿਸਿਆ)।੫।

ਪਦਾਰਥ = ਲੜੁ-ਪੱਲਾ। ਛਿਜਣਾ-ਖੁਲ੍ਹ ਜਾਣ ਵਾਲਾ; ਟੁੱਟ ਜਾਣ ਵਾਲਾ। ਪੀਡੀ-ਪੱਕੀ। ਤੈ ਜੇਵਡ-ਤੇਰੇ ਜਿੱਡਾ ਵੱਡਾ। ਡਿਠਾ-ਦੇਖ ਲਿਆ ਹੈ। ਹੰਢਿ-ਘੁੰ ਫਿਰ ਕੇ; ਖੋਜ ਕੇ।੫।

ਵਿਆਖਿਆ = ਬਾਬਾ ਜੀ ਦਾ ਭਾਵ ਹੈ ਕਿ ਜੇ ਪਤਾ ਹੋਵੇ ਕਿ ਪ੍ਰੇਮ ਟੁੱਟ ਜਾਂ ਘਟ ਜਾਣਾ ਹੈ, ਤਦ ਮੈਂ ਐਸਾ ਪੱਕਾ ਪ੍ਰੇਮ ਕਰਦਾ ਜੋ ਟੱਟਦਾ ਨਾ। ਮਨੁੱਖੀ ਮਨ ਇਕ ਰਸ ਨਹੀ ਰਹਿੰਦਾ, ਜਿਵੇਂ ਸੰਸਾਰੀ ਰਿਸਤੇ ਟੁੱਟ ਜਾਂਦੇ ਹਨ, ਇਸੇ ਤਰ੍ਹਾਂ ਧਰਮ ਮਾਰਗ ਤੇ ਚਲਦਿਆਂ ਕਈ ਭੁੱਲਾਂ ਹੋ ਜਾਂਦੀਆ ਹਨ ਜੋ ਮਨੁੱਖ ਨੂੰ ਰੱਬ ਤੋਂ ਦੂਰ ਕਰ ਦੇਂਦੀਆਂ ਹਨ। ਬਾਬਾ ਜੀ ਕਹਿੰਦੇ ਹਨ ਕਿ ਜੇ ਗਿਆਨ ਹੋਵੇ ਤਾਂ ਮਨੁੱਖ ਭੁੱਲਾਂ ਕਰੇ ਹੀ ਨਾ। ਦ੍ਰਿੜ੍ਹ ਪ੍ਰੇਮ ਭੁੱਲਾਂ ਤੋਂ ਮਨੁੱਖ ਨੂੰ ਦੂਰ ਰਖਦਾ ਹੈ।੫।

ਫਰੀਦਾ ਜੇ ਤੂ ਅਕਲਿ ਲਤੀਫੁ, ਕਾਲੇ ਲਿਖੁ ਨ ਲੇਖ ॥ ਆਪਨੜੇ ਗਿਰੀਵਾਨ ਮਹਿ, ਸਿਰੁ ਨੀਂਵਾਂ ਕਰਿ ਦੇਖੁ ॥੬॥ ਫਰੀਦ ਜੀ ਕਹਿੰਦੇ ਹਨ ਕਿ (ਹੇ ਭਾਈ!) ਜੇ ਤੂੰ ਬਰੀਕ ਬੁੱਧੀ ਵਾਲਾ (ਅਕਲ ਦਾ ਧਨੀ) ਹੈਂ, ਤਾਂ ਕਾਲੇ ਲੇਖ ਨਾ ਲਿਖ (ਪਾਪ ਨਾ ਕਰ, ਲੋਕਾਂ

ਦੇ ਗੁਨਾਹ ਨਾ ਗਿਣ)।ਅਪਣੇ ਦਿਲ ਰੂਪ ਬੁੱਕਲ ਵਿਚ ਨੀਵਾਂ ਸਿਰ ਕਰਕੇ (ਵਿਚਾਰ ਜਾਂ ਨਿਮ੍ਰਤਾ ਨਾਲ) ਦੇਖ ਭਾਵ ਅਪਣੇ ਅੰਦਰ ਝਾਤੀ ਮਾਰ ਕਿ ਮੈਂ ਕਿਹੋ ਜਿਹਾ ਹਾਂ।੬।

ਪਦਾਰਥ = ਅਕਲਿ ਲਤੀਫੁ–ਬਰੀਕ ਬੁੱਧੀ; ਅਕਲ ਦਾ ਧਨੀ (ਸਿਆਣਾ)।ਗਿਰੀਵਾਨ ਮਹਿ–ਕੁੜਤੇ ਦਾ ਗਲਾਵਾਂ; ਬੁੱਕਲ ਭਾਵ ਦਿਲ ਵਿਚ।ਸਿਰੁ ਨੀਵਾਂ–ਅੰਤਰ ਮੁਖੀ ਬ੍ਰਿਤੀ ਕਰ (ਦੂਜਿਆਂ ਦੇ ਪਾਪ ਦੇਖਣ ਵੇਲੇ ਸਿਰ ਨੀਵਾਂ ਨਹੀਂ ਹੁੰਦਾ, ਤੇ ਬੰਦਾ ਅਪਣੇ ਆਪ ਨੂੰ ਦੁੱਧ ਧੋਤਾ ਮੰਨਦਾ ਹੈ)।੬।

ਵਿਆਖਿਆ = ਹੇ ਮਨੁੱਖ ਜੇ ਤੂੰ ਸਿਆਣਾ ਹੈਂ ਤਾਂ ਲੋਕਾਂ ਦੇ ਔਗਣ ਨਾ ਦੇਖ।ਅਪਣੇ ਅੰਦਰ ਝਾਤੀ ਮਾਰ ਕੇ ਦੇਖ ਕਿ ਮੈਂ ਕਿੱਡਾ ਪਾਪੀ ਹਾਂ।ਪਰਾਏ ਗੁਨਾਹ ਗਿਣਨ ਨਾਲ ਤੂੰ ਵੀ ਪਾਪੀ ਬਣੇਂਗਾ, ਅਪਣੇ ਗੁਨਾਹਾਂ ਦੀ ਪੜਚੋਲ ਕਰਨ ਨਾਲ ਗੁਨਾਹਾਂ ਤੋਂ ਘਿਰਣਾ ਹੋਵੇਗੀ ਤੇ ਗੁਨਾਹ ਛੱਡੇਂਗਾ।੬।

ਫਰੀਦਾ ਜੋ ਤੈ ਮਾਰਨਿ ਮੁਕੀਆਂ, ਤਿਨ੍ਹਾ ਨ ਮਾਰੇ ਘੁੰਮਿ ॥ ਆਪਨੜੈ ਘਰਿ ਜਾਈਐ, ਪੈਰ ਤਿਨ੍ਹਾ ਦੇ ਚੁੰਮਿ ॥੭॥ ਫਰੀਦ ਜੀ ਕਹਿੰਦੇ ਹਨ ਕਿ (ਹੇ ਮਨ!) ਜਿਹੜੇ ਮਨੁੱਖ ਤੈਨੂੰ ਮੁੱਕੀਆਂ ਮਾਰਦੇ ਹਨ, ਤੂੰ (ਬਦਲੇ ਵਿਚ) ਮੁੜ ਉਨ੍ਹਾਂ ਨੂੰ ਨਾ ਮਾਰ।ਸੱਗੋਂ ਉਨ੍ਹਾਂ ਦੇ ਪੈਰ ਚੁੰਮ ਕੇ ਅਪਣੇ ਘਰ ਨੂੰ ਚਲੇ ਜਾਈਏ।੭।

ਪਦਾਰਥ = ਜੋ–ਜਿਹੜੇ।ਤੈ–ਤੈਨੂੰ।ਤਿਨ੍ਹਾ–ਉਨ੍ਹਾਂ ਨੂੰ।ਘੁੰਮਿ–ਪਰਤ ਕੇ; ਮੁੜ ਕੇ।ਚੁੰਮਿ–ਚੁੰਮ ਕੇ।੭।

ਵਿਆਖਿਆ = ਜੇ ਕੋਈ ਦੁਖ ਦੇਵੇ ਤਾਂ ਤੂੰ ਸਹਿ ਲੈ, ਦੁਖ ਦੇਣ ਵਾਲੇ ਤੇ ਗੁੱਸਾ ਨਾ ਕਰ।ਖਿਮਾ ਕਰ ਦੇਣ ਨਾਲ ਮਨ ਸ਼ਾਂਤ ਰਹਿੰਦਾ ਹੈ, ਬ੍ਰਿਤੀ ਖਿੰਡਦੀ ਨਹੀ।ਪੈਰ ਚੁੰਮਣ ਤੋਂ ਭਾਵ ਹੈ, ਮਾਫ ਕਰ ਦੇਹ।ਇਨ੍ਹਾਂ ਗੁਣਾਂ ਕਰਕੇ ਮਨੁੱਖ ਰੱਬੀ ਘਰ ਵਿਚ ਪੁੱਜਦਾ ਹੈ। ੭।

ਫਰੀਦਾ ਜਾਂ ਤਉ ਖਟਣ ਵੇਲ, ਤਾਂ ਤੂ ਰਤਾ ਦੁਨੀ ਸਿਉ ॥ ਮਰਗ ਸਵਾਈ ਨੀਹਿ, ਜਾਂ ਭਰਿਆ ਤਾਂ ਲਦਿਆ ॥੮॥ ਹੇ ਫਰੀਦ! ਜਦ ਬੰਦਗੀ ਕਰਨ ਦਾ ਤੇਰਾ ਵੇਲਾ (ਜੁਆਨ ਅਵਸਥਾ) ਸੀ, ਤਾਂ (ਉਸ ਵੇਲੇ) ਤੂੰ ਦੁਨੀਆਂ (ਦੇ ਧੰਧਿਆਂ) ਨਾਲ ਰਚਿਆ ਰਿਹਾ।ਮੌਤ ਦੀ ਨੀਂਹ (ਦਿਨੋ ਦਿਨ) ਵੱਡੀ ਹੁੰਦੀ ਆਉਂਦੀ ਹੈ ਭਾਵ ਬੁਢੇਪਾ ਆ ਰਿਹਾ ਹੈ (ਮੌਤ ਨੂੰ ਨੀਂਹ ਦੀ ਮਿਸਾਲ ਦੇ ਕੇ ਸਮਝਾਇਆ ਹੈ, ਮਕਾਨ ਬਣਾਉਣ ਲਈ ਨੀਂਹ ਪੁੱਟੀ ਜਾਂਦੀ ਹੈ।ਨੀਹ ਵਿਚ ਇੱਟਾਂ ਦੀ ਚਿਣਾਈ ਹੁੰਦੀ ਹੈ, ਚਿਣਾਈ ਵਧਦੀ ਹੋਈ ਪੂਰੀ ਭਰ ਜਾਂਦੀ ਹੈ, ਤਾਂ ਉਸ ਉਤੇ ਮਹਿਲ ਦੀ ਉਸਾਰੀ ਹੁੰਦੀ ਹੈ) ਜਦ ਨੀਂਹ ਸੁਆਸ ਰੂਪ ਇੱਟਾਂ ਨਾਲ ਭਰ ਗਈ ਭਾਵ ਸੁਆਸ ਪੂਰੇ ਹੋ ਗਏ, ਤਾਂ ਮਨੁੱਖ (ਜੀਵਨ ਵਿਚ ਕੀਤੇ ਚੰਗੇ ਮਾੜੇ ਕਰਮਾਂ ਨਾਲ) ਲੱਦਿਆ ਤੁਰ ਜਾਂਦਾ ਹੈ।੮।

ਪਦਾਰਥ = ਜਾਂ–ਜਦੋਂ।ਤਉ–ਤੇਰਾ।ਖਟਣ ਵੇਲ–(ਬੰਦਗੀ ਦੀ) ਕਮਾਈ ਦਾ ਸਮਾਂ (ਜੁਆਨੀ)।ਰਤਾ–ਰਚਿਆ; ਪਰਚਿਆ।ਦੁਨੀ ਸਿਉ–ਦੁਨੀਆਂ ਨਾਲ।ਮਰਗ–ਮੌਤ।ਸਵਾਈ–ਵਧਦੀ (ਵੱਡੀ ਹੁੰਦੀ) ਹੈ।ਨੀਹਿ–ਬੁਨਿਆਦ।ਜਾਂ ਭਰਿਆ–ਜਦ (ਨੀਂਹ) ਭਰ ਗਈ ਭਾਵ ਸਾਹ ਪੂਰੇ ਹੋ ਗਏ।ਲਦਿਆ–ਤੁਰ ਜਾਂਦਾ ਹੈ।੮।

ਵਿਆਖਿਆ = ਜਦ ਬੁਢੇਪਾ ਆ ਜਾਂਦਾ ਹੈ, ਤਾਂ ਸਰੀਰਕ ਬਲ ਘਟ ਜਾਂਦਾ ਹੈ, ਬੰਦਗੀ ਨਹੀ ਹੁੰਦੀ।ਕੁਛ ਜੁਆਨੀ ਵੇਲੇ ਦੀਆਂ ਬੁਰੀਆਂ ਆਦਤਾਂ ਮਨ ਵਿਚ ਨਾਮ ਵਸਣ ਨਹੀ ਦੇਂਦੀਆਂ।ਜੁਆਨੀ ਵਿਅਰਥ ਲੰਘ ਜਾਂਦੀ ਹੈ, ਬੁਢੇਪੇ ਵਿਚ ਫਿਰ ਭਜਨ ਨਹੀ ਹੁੰਦਾ। ਮੌਤ ਦੀ ਨੀਂਹ ਉਤੇ ਚੰਗੇ ਮੰਦੇ ਕਰਮਾਂ ਦਾ ਮਹਿਲ ਉਸਰਦਾ ਦਸਿਆ ਹੈ ਭਾਵ ਕੀਤੇ ਕਰਮਾਂ ਅਨੁਸਾਰ ਅੱਗੇ ਫਲ ਮਿਲਦਾ ਹੈ।੮।

ਦੇਖੁ ਫਰੀਦਾ ਜੁ ਥੀਆ, ਦਾੜੀ ਹੋਈ ਭੂਰ ॥ ਅਗਹੁ ਨੇੜਾ ਆਇਆ, ਪਿਛਾ ਰਹਿਆ ਦੂਰਿ ॥੯॥ ਹੇ ਫਰੀਦ! ਦੇਖ, ਜੋ ਕੁਝ ਹੋਇਆ ਹੈ (ਨਿਗ੍ਹਾ ਮਾਰ ਕੇ ਦੇਖ ਜੋ ਤੇਰੇ ਸਰੀਰ ਦੀ ਹਾਲਤ ਹੋਈ ਹੈ), ਤੇਰੀ ਦਾੜ੍ਹੀ ਭੂਰੀ ਹੋ ਗਈ ਹੈ (ਬੁੱਢਾ ਹੋ ਗਿਆ ਹੈਂ)।ਹੁਣ ਅਗੋਂ ਮੌਤ ਦਾ ਦਿਨ ਨੇੜੇ ਆ ਗਿਆ ਅਤੇ ਪਿਛਲਾ ਜੀਵਨ (ਬਚਪਨਾ ਤੇ ਜਵਾਨੀ ਦਾ) ਦੂਰ ਰਹਿ ਗਿਆ ਹੈ।੯।

ਪਦਾਰਥ = ਜੋ ਥੀਆ–ਜੋ ਹੋਇਆ (ਵਰਤਿਆ) ਹੈ।ਭੂਰ–ਘਸਮੈਲੀ; ਚਿੱਟੀ।ਅਗਹੁ–ਅੱਗੇ ਤੋਂ।ਪਿਛਾ–ਪਿਛਲਾ ਜੀਵਨ (ਬਚਪਨਾ ਤੇ ਜਵਾਨੀ ਦੇ ਦਿਨ, ਜਦੋਂ ਖੇਲ ਕੁੱਦ, ਖਾਣ ਪੀਣ ਵਿਚ ਮੌਜਾਂ ਮਾਣੀਆਂ ਸਨ)।੯।

ਵਿਆਖਿਆ = ਦਾੜ੍ਹੀ ਦਾ ਚਿੱਟੇ ਹੋਣਾ ਦਸਦਾ ਹੈ ਕਿ ਮੌਤ ਨੇੜੇ ਆ ਗਈ ਹੈ।ਬਾਲਪਣ ਤੇ ਜਵਾਨੀ ਦੂਰ ਰਹਿ ਗਏ ਹਨ।੯।

ਦੇਖੁ ਫਰੀਦਾ ਜਿ ਥੀਆ, ਸਕਰ ਹੋਈ ਵਿਸੁ ॥ ਸਾਂਈ ਬਾਝਹੁ ਆਪਣੇ, ਵੇਦਣ ਕਹੀਐ ਕਿਸੁ ॥੧੦॥ ਹੇ ਫਰੀਦ! ਦੇਖ, ਬਿਰਧ ਅਵਸਥਾ ਆਉਣ ਕਰਕੇ ਸਰੀਰ ਦੀ ਜਿਹੜਾ ਕੁਝ ਹੋਇਆ (ਜੋ ਹਾਲਤ ਬਣੀ) ਹੈ, (ਬੁਢੇਪੇ ਵਿਚ) ਸੱਕਰ ਖਾਣੀ ਜਹਿਰ ਹੋ ਗਈ ਹੈ (ਕਿਉਂਕਿ ਰੋਗਾਂ ਕਰਕੇ ਬੁਢੇਪੇ ਵਿਚ ਡਾਕਟਰਾਂ ਵੱਲੋਂ ਮਿੱਠਾ ਖਾਣਾ ਬੰਦ ਕਰ ਦਿਤਾ ਜਾਂਦਾ ਹੈ); ਦੇਖ ਫਰੀਦ, ਜੋ ਇਸ ਮਨੁਖ ਦੀ ਹਾਲਤ ਹੋਈ ਹੈ (ਅਗਿਆਨ ਅਵਸਥਾ ਵਿਚ) ਜੋ ਭੋਗਾਂ ਦੇ ਸੁੱਖ ਸੱਕਰ ਵਾਂਗ ਮਿੱਠੇ ਲਗਦੇ ਸਨ, ਹੁਣ (ਗਿਆਨ ਅਵਸਥਾ ਵਿਚ) ਵਿਹੁ ਵਾਂਗ ਦੁਖ ਦਾਈ ਪ੍ਰਤੀਤ ਹੁੰਦੇ ਹਨ।(ਭੋਗਾਂ ਤੋਂ ਪੈਦਾ ਹੋਈ) ਪੀੜ ਹੁਣ ਅਪਣੇ ਸਾਂਈ ਤੋਂ ਬਿਨਾ ਕਿਸ ਅੱਗੇ ਆਖੀਏ (ਜੋ ਬੁੱਢੇਪੇ ਦੀ ਪੀੜ ਨੂੰ ਦੂਰ ਕਰ ਦੇਵੇ)।੧੦।

ਪਦਾਰਥ = ਜਿ ਥੀਆ–ਜਿਹੜਾ (ਕੁਛ) ਹੋਇਆ ਹੈ।ਵਿਸੁ–ਵਿਹੁ (ਜਹਿਰ)।ਸਾਂਈ–ਮਾਲਕ (ਰੱਬ)।ਵੇਦਣ–ਪੀੜ।੧੦।

ਵਿਆਖਿਆ = ਵਿਸ਼ੇ ਭੋਗ, ਪਦਾਰਥਾਂ ਦੇ ਚਸਕੇ ਕਈ ਰੋਗ ਪੈਦਾ ਕਰ ਦੇਂਦੇ ਹਨ। ਜੋ ਬੁਢੇਪੇ ਵਿਚ ਦੁੱਖ ਦੇਂਦੇ ਹਨ। ਓਹੀ ਮਿਠੇ ਜਾਣ ਕੇ ਖਾਧੇ ਪਦਾਰਥ ਬੁਢੇਪੇ ਵਿਚ ਜਹਿਰ ਰੂਪ ਪ੍ਰਤੀਤ ਹੁੰਦੇ ਹਨ, ਜੇ ਨਹੀ ਛਡਦਾ ਤਾਂ ਰੋਗ ਜਿਆਦਾ ਵਧਦੇ ਹਨ।੧੦।

ਮਿਠਾ ਕਰਿ ਕੈ ਖਾਇਆ, ਕਉੜਾ ਉਪਜਿਆ ਸਾਦੁ।(੫੦)

ਫਰੀਦਾ ਅਖੀ ਦੇਖਿ ਪਤੀਣੀਆਂ, ਸੁਣਿ ਸੁਣਿ ਰੀਣੇ ਕੰਨ ॥ ਸਾਖ ਪਕੰਦੀ ਆਈਆ, ਹੋਰ ਕਰੇਂਦੀ ਵੰਨ ॥੧੧॥ ਹੇ ਫਰੀਦ! ਅੱਖਾਂ ਤਾਂ (ਸੰਸਾਰ ਦੇ ਰੰਗ ਰੂਪ) ਦੇਖ ਦੇਖ ਕੇ ਕਮਜੋਰ ਹੋ ਗਈਆਂ ਹਨ (ਨਿਗ੍ਹਾ ਘਟ ਗਈ ਹੈ), ਤੇ ਕੰਨ (ਨਿੰਦਾ, ਗੰਦੇ ਗੀਤ) ਸੁਣ ਸੁਣ ਕੇ (ਖਾਲੀ) ਬੋਲੇ ਹੋ ਗਏ ਹਨ। ਹੋਰ ਦੇ ਹੋਰ ਰੰਗ ਕਰਦੀ ਹੋਈ, ਦੇਹ ਰੂਪ ਖੇਤੀ ਪੱਕਦੀ ਆ ਰਹੀ ਹੈ (ਬੁਢੇਪਾ ਆ ਗਿਆ ਤੇ ਸਰੀਰ ਦਾ ਰੰਗ ਵੀ ਬਦਲ ਗਿਆ ਹੈ ਸਫੈਦ ਦਾੜ੍ਹਾ, ਚੇਹਰੇ ਤੇ ਝੁਰੜੀਆਂ ਪੈ ਗਈਆ ਹਨ)।੧੧।

ਪਦਾਰਥ = ਅਖੀ-ਅੱਖਾਂ। ਪਤੀਣੀਆਂ-ਪਤਲੀਆਂ; ਕਮਜੋਰ। ਰੀਣੇ-ਖਾਲੀ; ਬੋਲੇ। ਸਾਖ-ਖੇਤੀ (ਮ .ਕੋ.; ਸੰ.ਸ.; ਫ.ਸ.)। ਪਕੰਦੀ-ਪੱਕਦੀ ਆ ਰਹੀ ਹੈ। ਹੋਰ ਕਰੇਂਦੀ ਵੰਨ-ਹੋਰ ਰੰਗ ਕਰਦੀ ਹੋਈ।੧੧।

ਵਿਆਖਿਆ = ਸਰੀਰ ਦੀ ਹਾਲਤ ਬਦਲਦੀ ਰਹਿੰਦੀ ਹੈ, ਬਚਪਨ ਤੋਂ ਜਵਾਨੀ ਅਤੇ ਫਿਰ ਬੁਢੇਪਾ ਆ ਜਾਂਦਾ ਹੈ। ਸਾਰਾ ਸਰੀਰ ਪੱਕੀ ਹੋਈ ਫਸਲ ਵਾਂਗ ਰੰਗ ਬਦਲ ਗਿਆ ਹੈ। ਫਸਲ ਵੱਢਣ ਦਾ ਸਮਾਂ ਆ ਪੁੱਜਾ ਹੈ, ਮੌਤ ਨੇੜੇ ਹੈ।੧੧।

ਫਰੀਦਾ ਕਾਲੀਂ ਜਿਨੀ ਨ ਰਾਵਿਆ, ਧਉਲੀ ਰਾਵੈ ਕੋਇ ॥ ਕਰਿ ਸਾਂਈ ਸਿਉ ਪਿਰਹੜੀ, ਰੰਗੁ ਨਵੇਲਾ ਹੋਇ ॥੧੨॥ ਫਰੀਦ ਜੀ ਕਹਿੰਦੇ ਹਨ ਕਿ ਜਿਨ੍ਹਾਂ (ਮਨੁੱਖਾਂ) ਨੇ ਕਾਲੇ ਵਾਲਾਂ (ਜਵਾਨੀ) ਵਿਚ ਨਾਮ ਨਹੀ ਜਪਿਆ, ਚਿੱਟੇ ਵਾਲਾਂ (ਬੁਢੇਪੇ) ਵਿਚ ਕੌਣ ਜਪਦਾ ਹੈ? ਜਾਂ ਕੋਈ ਵਿਰਲਾ ਹੀ ਜਪਦਾ ਹੈ। (ਇਸ ਲਈ ਜਵਾਨੀ ਵਿਚ ਹੀ) ਸਾਂਈ ਨਾਲ ਪ੍ਰੇਮ ਕਰ, ਤਾਂ ਜੋ ਰੱਬ ਦਾ ਨਵਾਂ ਅਨੰਦ ਪ੍ਰਾਪਤ ਹੋਵੇ (ਹਰੀ ਦੇ ਪ੍ਰੇਮ ਦਾ ਅਨੰਦ ਸਦਾ ਨਵਾਂ ਰਹਿੰਦਾ ਹੈ)।੧੨।

ਪਦਾਰਥ = ਕਾਲੀਂ-ਕਾਲੇ ਵਾਲ ਹੁੰਦਿਆਂ (ਜਵਾਨੀ ਵਿਚ)। ਜਿਨੀ-ਜਿਨ੍ਹਾਂ ਨੇ। ਨ ਰਾਵਿਆ। ਨਹੀਂ ਸਿਮਰਿਆ। ਧਉਲੀ-ਬੁਢੇਪੇ ਵਿਚ। ਰਾਵੈ-ਸਿਮਰਦਾ ਹੈ। ਰੰਗੁ-ਅਨੰਦ; ਪ੍ਰੇਮ। ਪਿਰਹੜੀ-ਪ੍ਰੇਮ। ਨਵੇਲਾ-ਨਵਾਂ।੧੨।

ਵਿਆਖਿਆ = ਬੁਢੇਪੇ ਸਮੇਂ ਸਾਰੇ ਇੰਦ੍ਰੇ ਕਮਜੋਰ ਹੋ ਜਾਂਦੇ ਹਨ। ਭਜਨ ਕਰਨਾ ਵੀ ਔਖਾ ਹੁੰਦਾ ਹੈ। ਜਵਾਨੀ ਵੇਲੇ ਬੰਦਗੀ ਦੀ ਆਦਤ ਪਾਈ ਹੋਵੇ ਤਾਂ ਬੁਢੇਪੇ ਵਿਚ ਵੀ ਸੌਖਾ ਹੁੰਦਾ ਹੈ। ਅੱਗੇ ਤੀਜੇ ਗੁਰੂ ਜੀ ਚੰਗੀ ਤਰ੍ਹਾਂ ਖੋਲ੍ਹ ਕੇ ਦਸਦੇ ਹਨ।੧੨।

ਮਃ ੩ ॥ ਫਰੀਦਾ ਕਾਲੀ ਧਉਲੀ ਸਾਹਿਬ ਸਦਾ ਹੈ, ਜੇ ਕੋ ਚਿਤਿ ਕਰੇ ॥ ਆਪਣਾ ਲਾਇਆ ਪਿਰਮੁ ਨ ਲਗਈ, ਜੇ ਲੋਚੈ ਸਭੁ ਕੋਇ ॥ ਇਹੁ ਪਿਰਮੁ ਪਿਆਲਾ ਖਸਮ ਕਾ, ਜੈ ਭਾਵੈ ਤੈ ਦੇਇ ॥੧੩॥ ਗੁਰੂ ਅਮਰਦਾਸ ਜੀ ਆਖਦੇ ਹਨ, ਹੇ ਫਰੀਦ! ਜੁਆਨੀ ਅਤੇ ਬੁਢੇਪੇ ਵਿਚ ਹਰੀ ਮਾਲਕ ਸਦਾ ਹੀ ਮਿਲ ਸਕਦਾ ਹੈ (ਪਰ ਉਦਮ ਕਰਕੇ) ਜੇ ਕੋਈ ਵੀ ਮਨੁੱਖ ਸਿਮਰਨ ਕਰੇ। (ਹਰੀ ਨਾਲ) ਪ੍ਰੇਮ ਅਪਣਾ ਲਾਇਆ ਹੋਇਆ ਨਹੀ ਲਗ ਸਕਦਾ, (ਬੁਢੇਪੇ ਜਾਂ ਜਵਾਨੀ ਵਿਚ ਪ੍ਰੇਮ ਲਾਉਣਾ) ਜੇ ਸਭ ਕੋਈ ਚਾਹੁੰਦਾ ਵੀ ਹੋਵੇ। ਏਹ ਪ੍ਰੇਮ ਰੂਪ ਪਿਆਲਾ ਹਰੀ ਦਾ (ਮਾਲਕ ਦੀ ਦਾਤ) ਹੈ, ਜਿਸ ਨੂੰ ਦੇਣਾ ਚਾਹੇ, ਉਸੇ ਨੂੰ ਦੇਂਦਾ ਹੈ।੧੩।

ਪਦਾਰਥ = ਕਾਲੀ-ਕਾਲੇ ਵਾਲਾਂ ਸਮੇਂ (ਜਵਾਨੀ ਵਿਚ)। ਧਉਲੀ-ਚਿੱਟੇ ਵਾਲਾਂ ਦੇ ਹੁੰਦਿਆਂ (ਬੁਢੇਪੇ ਵਿਚ)। ਕੋ-ਕੋਈ। ਚਿਤਿ ਕਰੇ-ਹਰੀ ਨੂੰ ਯਾਦ ਕਰੇ। ਪਿਰਮੁ-ਪ੍ਰੇਮ। ਲੋਚੈ-ਚਾਹੁੰਦਾ ਹੋਵੇ। ਜੈ-ਜਿਸ ਨੂੰ। ਤੈ-ਤਿਸ; ਉਸ ਨੂੰ। ਭਾਵੈ-ਚਾਹੁੰਦਾ ਹੈ।੧੩।

ਵਿਆਖਿਆ = ਫਰੀਦ ਜੀ ਦੇ ਸਲੋਕ ਨਾਲ ਬਜੁਰਗਾਂ ਨੂੰ ਕੁਛ ਨਿਰਾਸਤਾ ਹੋ ਸਕਦੀ ਸੀ ਕਿ ਸ਼ਾਇਦ ਹਰੀ ਦਾ ਨਾਮ ਬੁਢੇਪੇ ਵਿਚ ਜਪਿਆ ਨਹੀਂ ਜਾ ਸਕਦਾ। ਗੁਰੂ ਅਮਰਦਾਸ ਜੀ ਦਿਲਾਸਾ ਦੇਂਦੇ ਕਹਿੰਦੇ ਹਨ ਕਿ ਸਿਮਰਨ ਕਿਸੇ ਵੀ ਉਮਰ ਵਿਚ ਕੀਤਾ ਜਾ ਸਕਦਾ ਹੈ। ਅਪਣੀ ਉਪਰ ਦਾ ਤਜਰਬਾ ਦਸਦੇ ਹਨ, ਆਪ ਜੀ ੬੨ ਸਾਲ ਦੀ ਉਮਰ ਵਿਚ ਗੁਰੂ ਅੰਗਦ ਦੇਵ ਜੀ ਦੀ ਸ਼ਰਣ ਲਗੇ ਸਨ। ਦੂਜੇ, ਪ੍ਰੇਮ ਦਾ ਪਿਆਲਾ ਹਰੀ ਦੀ ਦਾਤ ਹੈ, ਅਪਣੀ ਮਰਜੀ ਜਾਂ ਜੋਰ ਨਾਲ ਨਹੀ ਮਿਲ ਸਕਦਾ। ਜਿਸ ਉਤੇ ਉਹ ਖੁਸ਼ ਹੋਵੇ, ਉਸ ਨੂੰ ਇਹ ਦਾਤ ਬਖਸ਼ਦਾ ਹੈ।੧੩।

ਫਰੀਦਾ ਜਿਨ੍ਹ ਲੋਇਣ ਜਗੁ ਮੋਹਿਆ, ਸੇ ਲੋਇਣ ਮੈ ਡਿਠੁ ॥ ਕਜਲ ਰੇਖ ਨ ਸਹਿਦਿਆ, ਸੇ ਪੰਖੀ ਸੂਇ ਬਹਿਠੁ ॥੧੪॥ ਫਰੀਦ ਜੀ ਆਖਦੇ ਹਨ ਕਿ ਜਿਨ੍ਹਾਂ ਅੱਖਾਂ ਨੇ ਜਗਤ (ਦੇ ਲੋਕਾਂ) ਨੂੰ ਮੋਹਿਆ ਹੋਇਆ ਸੀ, ਉਨ੍ਹਾਂ ਅੱਖਾਂ ਦੀ (ਬੁਰੀ ਹਾਲਤ ਹੋਈ) ਮੈਂ ਦੇਖੀ ਹੈ (ਜਾਂ ਮੈਂ ਵੀ ਉਹ ਅੱਖਾਂ ਭਿਖਿਆ ਮੰਗਣ ਸਮੇਂ ਲੰਘਦਿਆਂ ਦੇਖੀਆਂ ਸਨ। ਜੋ ਅੱਖਾਂ) ਸੁਰਮੇ ਦੀ ਧਾਰ ਨੂੰ ਵੀ ਨਹੀਂ ਸਹਿੰਦੀਆਂ ਸਨ, ਅੱਜ ਉਨ੍ਹਾਂ ਅੱਖਾਂ ਵਿਚ ਪੰਛੀਆਂ ਦੇ ਬੱਚੇ ਬੈਠੇ ਹਨ (ਸਰੀਰਕ ਸੁੰਦਰਤਾ ਦਾ ਕੀ ਮਾਣ?)।੧੪।

ਪਦਾਰਥ = ਜਿਨ੍ਹ ਲੋਇਣ-ਜਿਨ੍ਹਾਂ ਅੱਖਾਂ ਨੇ। ਮੋਹਿਆ-ਮੋਹ ਲਿਆ ਸੀ। ਸੇ-ਉਹ। ਡਿਠੁ-ਦੇਖੇ ਹਨ। ਕਜਲ ਰੇਖ-ਕੱਜਲ ਦੀ ਲੀਕ (ਧਾਰ)। ਸੂਇ-ਸੂਣਾ-ਜੰਮਣਾ (ਪੰਜਾਬੀ); ਜੋ ਜੰਮ ਪਵੇ (ਫਾ.) ਬੱਚੇ। ਬਹਿਠੁ-(ਬਹਿੱਠ ਨਾ ਉਚਾਰੋ, ਬੈਹਠ ਉਚਾਰੋ) ਬੈਠੇ ਹਨ।੧੪।

ਵਿਆਖਿਆ = ਜਿਸ ਰਸਤੇ ਫਰੀਦ ਜੀ ਰੋਟੀ ਮੰਗਣ ਜਾਂਦੇ, ਉਸ ਰਸਤੇ ਇਕ ਸੁੰਦਰ ਵੇਸਵਾ ਰਹਿੰਦੀ ਸੀ। ਇਕ ਦਿਨ ਇਹ ਗੋਲੀ ਨੂੰ ਕੁੱਟਦੀ ਸੀ ਕਿ ਤੇਰਾ ਮੋਟਾ ਪੀਸਿਆ ਸੁਰਮਾਂ ਅੱਖਾਂ ਵਿਚ ਰੜਕਦਾ ਹੈ। ਇਹ ਗਲ ਬਾਬਾ ਜੀ ਨੇ ਲੰਘਦਿਆਂ ਸੁਣੀ। ਕੁਛ ਦਿਨ

ਬਾਦ ਵੇਸਵਾ ਮਰ ਗਈ। ਕਬਰ ਵਿਚੋਂ ਲਾਸ਼ ਜਾਨਵਰਾਂ ਨੇ ਕੱਢ ਕੇ ਖਾ ਲਈ। ਉਸ ਦੀ ਖੋਪਰੀ ਵਿਚ ਇਕ ਪੰਛੀ ਨੇ ਆਲ੍ਹਣਾ ਬਣਾ ਕੇ ਬੱਚੇ ਦਿਤੇ। ਫਰੀਦ ਸਾਹਿਬ ਨੂੰ ਲੰਘਦਿਆਂ ਅੱਖਾਂ ਦੇ ਮੋਘਿਆਂ ਵਿਚ ਬੱਚਿਆਂ ਦੇ ਪੈਰ ਨਜਰ ਆਏ। ਵੇਸਵਾ ਦੀ ਇਹ ਦਸ਼ਾ ਦੇਖ ਕੇ ਆਪ ਜੀ ਨੇ ਇਹ ਸਲੋਕ ਉਚਾਰਿਆ। ਵਿਸ਼ਈ ਪੁਰਖਾਂ ਦਾ ਹਾਰ ਸ਼ਿੰਗਾਰ ਦੂਜਿਆਂ ਨੂੰ ਮੋਹ ਲੈਣ ਲਈ ਹੀ ਹੁੰਦਾ ਹੈ। ਇਸੇ ਖਿਆਲ ਵਿਚ ਰਹਿੰਦੇ ਹਨ ਕਿ ਮੈਂ ਲੋਕਾਂ ਨੂੰ ਸੁੰਦਰ ਦਿਖਾਈ ਦੇਵਾਂ। ਸਰੀਰ ਦੇ ਸ਼ਿੰਗਾਰ ਲਈ ਹੀ ਸਾਰਾ ਸਮਾਂ ਲੰਘਾ ਦੇਂਦੇ ਹਨ, ਭਜਨ ਨਹੀ ਕਰਦੇ, ਅਖੀਰ ਬੁਰੀ ਹਾਲਤ ਹੁੰਦੀ ਹੈ।੧੪।

ਫਰੀਦਾ ਕੂਕੇਦਿਆ ਚਾਂਗੇਦਿਆ, ਮਤੀ ਦੇਦਿਆ ਨਿਤ ॥ ਜੋ ਸੈਤਾਨਿ ਵਞਾਇਆ, ਸੇ ਕਿਤ ਫੇਰਹਿ ਚਿਤ ॥੧੫॥ ਹੇ ਫਰੀਦ! (ਧਰਮ ਗ੍ਰੰਥਾਂ ਦੇ) ਕੂਕਦਿਆਂ ਪੁਕਾਰਦਿਆਂ ਅਤੇ (ਗੁਰਮੁਖਾਂ ਵਲੋਂ) ਹਰ ਰੋਜ ਸਿਖਿਆ ਦੇਂਦੇ ਹੋਇਆਂ ਵੀ। ਜਿਨ੍ਹਾਂ ਮਨੁੱਖਾਂ ਦਾ ਮਨ ਸ਼ੈਤਾਨ ਨੇ ਵਿਗਾੜ ਦਿਤਾ ਹੈ, ਉਹ ਮਨੁੱਖ ਮਨ ਨੂੰ (ਵਿਸ਼ਿਆਂ ਤੋਂ) ਕਿਥੇ ਮੋੜਦੇ ਹਨ? (ਵਿਸ਼ਿਆਂ ਤੋਂ ਹਟ ਕੇ ਰੱਬ ਨਾਲ ਨਹੀ ਜੁੜਦੇ)।੧੫।

ਪਦਾਰਥ = ਕੂਕੇਦਿਆ ਚਾਂਗੇਦਿਆ–ਕੂਕਾਂ ਤੇ ਚਾਂਗਾਂ ਮਾਰਦੇ ਹੋਇਆਂ (ਧਰਮ ਗ੍ਰੰਥਾਂ ਨੂੰ ਉਚੀ ਪੜ੍ਹ ਕੇ ਸੁਣਾਉਣ ਦੇ ਬਾਵਜੂਦ ਵੀ)। ਮਤੀ–ਸਿਖਿਆ। ਨਿਤ–ਹਰ ਰੋਜ। ਸੈਤਾਨਿ–ਮਨੁੱਖ ਨੂੰ ਰੱਬ ਵਲੋਂ ਹਟਾ ਕੇ ਬੁਰਿਆਈ ਵਲ ਪ੍ਰੇਰਦਾ ਹੈ (ਗੁਰਮਤ ਵਿਚ ਮਾਯਾ ਜਾਂ ਹੰਕਾਰ)। ਵਞਾਇਆ–ਵਿਗਾੜ ਦਿਤਾ। ਸੇ–ਉਹ। ਕਿਤ–ਕਿਥੇ; ਕਦੋਂ। ਫੇਰਹਿ–ਮੋੜਦੇ ਹਨ।੧੫।

ਸਾਰ = ਜਿਵੇਂ ਥਿੰਦੇ ਘੜੇ ਤੇ ਪਾਣੀ ਦੀ ਬੂੰਦ ਨਹੀ ਟਿਕਦੀ, ਇਸੇ ਤਰ੍ਹਾਂ ਸਾਕਤਾਂ ਨੂੰ ਸਮਝਾਉਣ ਦਾ ਲਾਭ ਨਹੀ ਹੁੰਦਾ।੧੫।

ਫਰੀਦਾ ਥੀਉ ਪਵਾਹੀ ਦਭੁ ॥ ਜੇ ਸਾਂਈ ਲੋੜਹਿ ਸਭੁ ॥ ਇਕੁ ਛਿਜਹਿ ਬਿਆ ਲਤਾੜੀਅਹਿ ॥ ਤਾਂ ਸਾਈ ਦੈ ਦਰਿ ਵਾੜੀਅਹਿ ॥੧੬ ॥ ਹੇ ਫਰੀਦ! ਜੇ ਤੂੰ ਸਾਂਈ ਨੂੰ ਦੇਖਣਾ ਚਾਹੁੰਦਾ ਹੈਂ, ਜੋ ਸਭ ਥਾਂ ਵਿਆਪਕ ਹੈ, ਤਾਂ ਤੂੰ ਰਸਤੇ ਦੀ ਦੱਭ ਵਰਗਾ ਬਣ ਜਾ। ਇਕ ਤਾਂ (ਪਹਿਲਾਂ ਦੱਭ ਨੂੰ) ਕੱਟੀਦਾ ਹੈ, ਫਿਰ ਦੂਜੇ ਉਸਨੂੰ ਲਤਾੜਿਆ ਜਾਂਦਾ ਹੈ, (ਕੱਟ ਵੱਢ ਕੇ ਲਤਾੜਨ ਤੋਂ ਬਾਦ ਸਫ ਬਣ ਕੇ) ਸਾਂਈ ਦੇ ਦਰਬਾਰ ਵਿਚ ਵਾੜੀ (ਵਿਛਾਈ) ਜਾਂਦੀ ਹੈ।੧੬।

ਪਦਾਰਥ = ਥੀਉ–ਹੋ (ਬਣ) ਜਾ। ਦਭੁ–ਕੁਸ਼ਾ (ਸੁੱਬ ਵੱਟਣ, ਸਫ ਆਦਿ ਬਣਾਉਣ ਦੇ ਕੰਮ ਆਉਂਦੀ ਹੈ)। ਪਵਾਹੀ–ਪਹਾ (ਰਸਤਾ)। ਛਿਜਹਿ–ਕੱਟੀਦਾ ਹੈ। ਬਿਆ–ਦੂਜੇ। ਲਤਾੜੀਅਹਿ–ਲਤਾੜੀ ਜਾਂਦੀ ਹੈ। ਦਰ–ਦਰਬਾਰ। ਵਾੜੀਅਹਿ–ਵਾੜੀ (ਲਿਆਂਦੀ) ਜਾਂਦੀ ਹੈ।

ਵਿਆਖਿਆ = ਫਰੀਦ ਜੀ ਧਰਮ ਸਥਾਨਾਂ ਵਿਚ ਵਿਛਾਈ ਹੋਈ ਸਫ ਦੀ ਮਿਸਾਲ ਦੇਂਦੇ ਹਨ। ਜੇ ਰੱਬ ਦੇ ਦੀਦਾਰ ਕਰਨੇ ਹਨ, ਤਾਂ ਦਭ ਵਾਂਗ ਬਣ ਜਾਹ। ਦਭ ਨੂੰ ਕੱਟ ਕੇ ਨਰਮ ਕਰਨ ਲਈ ਲਤਾੜੀਦਾ ਹੈ, ਫਿਰ ਸਫ ਬਣ ਕੇ ਦਰਬਾਰਾਂ ਵਿਚ ਵਿਛਾਈਦੀ ਹੈ। ਭਾਵ ਸਾਧ ਸੰਗਤ ਦੇ ਰਸਤੇ ਦੀ ਦਭ ਬਣ ਜਾ (ਨਿਮ੍ਰਤਾ ਧਾਰ ਲੈ)। ਚਾਹੇ ਕੋਈ ਤੈਨੂੰ ਦੁਰ ਬਚਨ ਬੋਲੀ ਜਾਵੇ, ਚਾਹੇ ਦਬਾਈ ਜਾਵੇ, ਤੂੰ ਸਹਾਰੀ ਜਾ ਤੇ ਸੇਵਾ ਕਰਦਾ ਰਹੁ। ਦੱਭ ਵਾਂਗ ਕੁਰਬਾਨੀ ਦੇਣ ਤੇ ਆਪਾ ਗਵਾਉਣ ਨਾਲ ਰੱਬ ਦੇ ਦਰ ਤੇ ਕਬੂਲ ਹੋਵੇਂਗਾ।੧੬।

ਫਰੀਦਾ ਖਾਕੁ ਨ ਨਿੰਦੀਐ, ਖਾਕੂ ਜੇਡੁ ਨ ਕੋਇ ॥ ਜੀਵਦਿਆ ਪੈਰਾ ਤਲੈ, ਮੁਇਆ ਉਪਰਿ ਹੋਇ ॥੧੭॥ ਹੇ ਫਰੀਦ! ਮਿੱਟੀ ਨੂੰ ਮਾੜਾ ਨਹੀ ਕਹਿਣਾ ਚਾਹੀਦਾ, ਮਿੱਟੀ ਵਰਗਾ ਕੋਈ ਵੀ ਨਹੀ (ਮਿੱਟੀ ਵਿਚ ਧੀਰਜ, ਸਹਿਨਸ਼ੀਲਤਾ ਵਰਗੇ ਗੁਣ ਹਨ)। ਮਨੁੱਖ ਦੇ ਜਿਉਂਦਿਆਂ ਸਮੇਂ ਇਹ ਖਾਕ ਪੈਰਾਂ ਥੱਲੇ ਰਹਿੰਦੀ ਹੈ, ਪਰ ਮਰਨ ਤੋਂ ਪਿੱਛੋਂ (ਜਦ ਕਬਰ ਵਿਚ ਦੱਬਿਆ ਜਾਂਦਾ ਹੈ) ਤਾਂ ਉਪਰ ਹੋ ਜਾਂਦੀ ਹੈ।੧੭। ਜਿਉ ਧਰਤੀ ਚਰਣ ਤਲੇ ਤੇ ਊਪਰਿ ਆਵੈ, ਤਿਉ ਨਾਨਕ ਸਾਧ ਜਨਾ ਜਗਤੁ ਆਨਿ ਸਭੁ ਪੈਰੀ ਪਾਏ।(੭੩੫)। ਸਭਹੂ ਤਲੈ ਤਲੈ ਸਭ ਊਪਰਿ ਏਹ ਦ੍ਰਿਸਟਿ ਦ੍ਰਿਸਟਾਏ।(੮੨੦)।

ਪਦਾਰਥ = ਖਾਕੁ–ਮਿੱਟੀ। ਜੇਡੁ–ਵਰਗਾ; ਬਰਾਬਰ; ਜਿੱਡਾ। ਤਲੈ–ਹੇਠਾਂ; ਥੱਲੇ। ਮੁਇਆ–ਮੋਇਆਂ (ਮਰਨੋਂ ਬਾਦ)।੧੭।

ਵਿਆਖਿਆ = ਮਨੁੱਖ ਦੇ ਜਿਉਂਦਿਆਂ ਮਿੱਟੀ ਸਭ ਦਾ ਸਹਾਰਾ ਹੁੰਦੀ ਹੈ। ਖਾਣ ਪਹਿਨਣ ਅਤੇ ਹੋਰ ਵਰਤੋਂ ਦੀਆਂ ਚੀਜਾਂ ਮਿੱਟੀ ਵਿਚੋਂ ਹੀ ਨਿਕਲਦੀਆਂ ਹਨ। ਇਸ ਕਰਕੇ ਮਿੱਟੀ ਨੂੰ ਨਿੰਦਣਾ ਨਹੀ ਚਾਹੀਦਾ, ਮਰਨੋਂ ਬਾਦ ਵੀ ਮਿੱਟੀ ਅਪਣੇ ਵਿਚ ਮਨੁੱਖ ਨੂੰ ਮਿਲਾ ਲੈਂਦੀ ਹੈ। ਸੰਤ ਮਿੱਟੀ ਵਾਂਗ ਨਿੰਮ੍ਰ ਹੁੰਦੇ ਹਨ, ਧੀਰਜ, ਸਹਿਣ ਸ਼ਕਤੀ ਆਦਿ ਗੁਣਾਂ ਕਰਕੇ ਉਨ੍ਹਾ ਵਰਗਾ ਕੋਈ ਨਹੀ। ਜਿਉਂਦਿਆਂ ਸਭ ਦੇ ਹੇਠ ਭਾਵ ਅਪਣੇ ਆਪ ਨੂੰ ਸਭ ਤੋਂ ਨੀਵਾਂ ਜਾਣਦੇ ਹਨ, ਮਰਨੋਂ ਬਾਦ ਉਨ੍ਹਾਂ ਦਾ ਜਸ ਸਭ ਤੋਂ ਉਪਰ ਹੁੰਦਾ ਹੈ (ਸੰ. ਸ.; ਫ. ਸ.); ਮਰਨੋਂ ਬਾਦ ਪ੍ਰਲੋਕ ਵਿਚ ਸਭ ਦੇ ਸ੍ਰੋਮਣੀ ਹੁੰਦੇ ਹਨ।੧੭।

ਫਰੀਦਾ ਜਾ ਲਬੁ ਤ ਨੇਹੁ ਕਿਆ, ਲਬੁ ਤ ਕੂੜਾ ਨੇਹੁ ॥ ਕਿਚਰੁ ਝਤਿ ਲੰਘਾਈਐ, ਛਪਰਿ ਤੁਟੈ ਮੇਹੁ ॥੧੮॥ ਫਰੀਦ ਜੀ ਕਹਿੰਦੇ ਹਨ, ਹੇ ਭਾਈ! ਜੇ ਪਦਾਰਥਾਂ ਦਾ ਲੋਭ ਹੈ ਤਾਂ ਤੇਰਾ ਰੱਬ ਨਾਲ ਪ੍ਰੇਮ ਕੀ ਹੈ? (ਕੁਛ ਨਹੀਂ), ਕਿਉਂਕਿ ਜੇ ਲੋਭ ਹੈ ਤਾਂ (ਰੱਬ ਨਾਲ ਤੇਰਾ) ਪ੍ਰੇਮ ਝੂਠਾ ਹੈ (ਲੋਭ ਤੇ ਰੱਬੀ ਪ੍ਰੇਮ ਕੱਠੇ ਨਹੀ ਹੋ ਸਕਦੇ)। ਟੁੱਟੇ ਹੋਏ ਛੱਪਰ ਉਤੇ ਮੀਂਹ ਪੈਂਦਾ ਹੋਵੇ, (ਤਾਂ ਉਸ ਦੇ ਹੇਠਾਂ) ਕਿੰਨਾ ਕੁ ਸਮਾਂ ਲੰਘਾ ਸਕੀਦਾ ਹੈ? (ਅੰਤ ਭਿੱਜਣਾ ਹੀ ਪਏਗਾ, ਇਸੇ ਤਰ੍ਹਾਂ ਲੋਭ ਕਰਨ ਨਾਲ ਪ੍ਰੇਮ ਸਦਾ ਨਹੀਂ ਰਹਿੰਦਾ)।੧੮।

ਪਦਾਰਥ = ਜਾ–ਜੇ; ਜਦ। ਲਬੁ–ਲੋਭ। ਤ–ਤਾਂ। ਨੇਹੁ–ਪ੍ਰੇਮ। ਕਿਚਰੁ–ਕਿੰਨਾ। ਝਤਿ–ਸਮਾਂ। ਮੇਹੁ–ਮੀਂਹ।੧੮।

ਵਿਆਖਿਆ = ਇਕ ਦਿਖਾਵੇ ਦਾ ਫਕੀਰ ਸੀ। ਪਰ ਲਾਲਚੀ ਸੀ, ਲੋਕਾਂ ਨੂੰ ਦਿਖਾਉਣ ਲਈ ਬੰਦਗੀ ਵੀ ਕਰਦਾ। ਫਰੀਦ ਜੀ ਉਸ

ਨੂੰ ਸਿਖਿਆ ਦੇਂਦੇ ਹਨ। ਟੁੱਟਾ ਛੱਪਰ ਲੋਭ ਮਈ ਪ੍ਰੇਮ ਦਾ ਦ੍ਰਿਸਟਾਂਤ ਹੈ। ਜਿਵੇਂ ਟੁੱਟਿਆ ਛੱਪਰ ਭਿੱਜਣ ਤੋਂ ਬਚਾ ਨਹੀਂ ਸਕਦਾ। ਇਸੇ ਤਰ੍ਹਾਂ ਲੋਭੀ ਪੁਰਸ਼ ਦਾ ਪ੍ਰੇਮ ਹੈ, ਜੋ ਅੰਤ ਤਕ ਨਿਭੇਗਾ ਨਹੀਂ। ਜਾਂ ਬੰਦਗੀ ਕਰਨ ਦਾ ਝੂਠਾ ਪਖੰਡ ਤੇ ਦਿਖਾਵਾ ਕਿੰਨਾ ਕੁ ਚਿਰ ਕਰਦਾ ਰਹੇਂਗਾ, ਆਖਰ ਪਾਜ ਉਘੜ ਹੀ ਆਵੇਗਾ।੧੮।

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ, ਵਣਿ ਕੰਡਾ ਮੋੜੇਹਿ ॥ ਵਸੀ ਰਬੁ ਹਿਆਲੀਐ, ਜੰਗਲੁ ਕਿਆ ਢੂਢੇਹਿ ॥੧੯॥ ਹੇ ਫਰੀਦ! ਜੰਗਲ ਜੰਗਲ ਕੀ ਤੁਰਿਆ ਫਿਰਦਾ ਹੈਂ? ਜੰਗਲ ਵਿਚ ਕੰਡੇ ਬਸਤ੍ਰਾਂ ਵਿਚ ਫਸ ਕੇ ਮੋੜਦੇ ਹਨ (ਸਿਖਿਆ ਦੇਂਦੇ ਹਨ ਕਿ ਘਰ ਨੂੰ ਮੁੜ ਜਾ (ਮ. ਕੋ.); ਬਣ ਦੇ ਕੰਡੇ ਕਿਉਂ ਲਤਾੜਦਾ ਫਿਰਦਾ ਹੈਂ (ਸਭ ਨੇ ਇਹੀ ਅਰਥ ਕੀਤਾ ਹੈ)। ਰੱਬ ਤਾਂ ਤੇਰੇ ਹਿਰਦੇ ਵਿਚ ਵਸਦਾ ਹੈ, ਜੰਗਲ ਨੂੰ ਕੀ ਲੱਭਦਾ ਹੈ? (ਜੰਗਲ ਵਿਚ ਰੱਬ ਨੂੰ ਕਿਉਂ ਟੋਲਦਾ ਹੈ)।੧੯।

ਪਦਾਰਥ = ਭਵਹਿ–ਫਿਰਦਾ ਹੈਂ। ਵਣਿ–ਵਣੀ–ਬਨ ਵਿਚ। ਮੋੜੇਹਿ–ਮਰੋੜ (ਤੋੜ) ਕੇ (ਜੰਗਲ ਵਿਚ ਤੁਰਨ ਵੇਲੇ ਕਈ ਵਾਰ ਕੰਡੇਦਾਰ ਵੇਲਾਂ ਜਾਂ ਝਾੜੀਆਂ ਦੀਆਂ ਟਾਹਣੀਆਂ ਨੂੰ ਤੋੜ ਮਰੋੜ ਕੇ ਲੰਘਣਾ ਪੈਂਦਾ ਹੈ); ਮੁੜ ਜਾਣ ਦਾ ਸੰਕੇਤ ਦੇਂਦੇ ਹਨ; ਲਤਾੜਦ ਹੈਂ। ਵਸੀ–ਵਸਦਾ ਹੈ। ਹਿਆਲੀਐ–ਹਿਰਦੇ ਵਿਚ। ਕਿਆ–ਕੀ; ਕਿਉਂ; ਕਿਸ ਲਈ।੧੯।

ਫਰੀਦਾ ਇਨੀ ਨਿਕੀ ਜੰਘੀਐ, ਥਲ ਡੂੰਗਰ ਭਵਿਓਮ੍ਹਿ ॥ ਅਜੁ ਫਰੀਦੈ ਕੂਜੜਾ, ਸੈ ਕੋਹਾਂ ਥੀਓਮਿ ॥੨੦॥ ਫਰੀਦ ਜੀ ਕਹਿੰਦੇ ਹਨ ਕਿ ਮੈਂ (ਜੁਆਨੀ ਵੇਲੇ) ਇਨ੍ਹਾਂ ਨਿੱਕੀਆਂ ਲੱਤਾਂ ਨਾਲ ਮੈਂ ਮਾਰੂਥਲ ਤੇ ਪਹਾੜਾਂ ਉਤੇ ਫਿਰਦਾ ਰਿਹਾ ਹਾਂ। (ਬੁਢੇਪੇ ਕਰਕੇ ਨੇੜੇ ਪਿਆ) ਪਾਣੀ ਦਾ ਕੁੱਜਾ ਵੀ ਅੱਜ ਫਰੀਦ ਨੂੰ ਸੌ ਕੋਹ ਦੂਰ ਪਿਆ ਪ੍ਰਤੀਤ ਹੋ ਰਿਹਾ ਹੈ।੨੦।

ਪਦਾਰਥ = ਇਨੀ ਨਿਕੀ ਜੰਘੀਐ–ਇਨ੍ਹਾਂ ਨਿੱਕੀਆਂ ਲੱਤਾਂ ਨਾਲ। ਥਲ–ਟਿੱਬੇ; ਰੇਤਲੇ ਇਲਾਕੇ (ਜਿਥੇ ਤੁਰਨਾ ਕਠਨ ਹੁੰਦਾ ਹੈ)। ਡੂੰਗਰ–ਪਹਾੜ। ਭਵਿਓਮਿ–ਮੈਂ ਤੁਰਦਾ ਰਿਹਾ ਹਾਂ। ਕੂਜੜਾ–ਮਿੱਟੀ ਦਾ ਕੁੱਜਾ। ਸੈ ਕੋਹਾਂ–ਸੌ ਕੋਹ ਤੇ। ਥੀਓਮਿ–ਹੋ ਗਿਆ।੨੦।

ਉਥਾਨਕਾ = ਜੱਸਾ ਲੁਹਾਰ ਫਰੀਦ ਜੀ ਦਾ ਜਾਣੂ ਸੀ, ਜੰਗਲ ਵਿਚ ਲੱਕੜੀਆਂ ਦੇ ਕੋਲੇ ਬਣਾਉਣ ਵਾਸਤੇ ਆਇਆ ਕਰਦਾ ਸੀ। ਇਕ ਸਮੇਂ ਰਾਤ ਪੈਣ ਕਰਕੇ ਇਹ ਜੰਗਲ ਵਿਚ ਤਪ ਕਰਦੇ ਫਰੀਦ ਜੀ ਕੋਲ ਹੀ ਰਹਿ ਪਿਆ। ਰੋਟੀ ਦਾ ਇੰਤਜਾਮ ਫਰੀਦ ਜੀ ਕੋਲ ਵੀ ਨਹੀ ਸੀ। ਸਰਦੀਆਂ ਦੀਆਂ ਵੱਡੀਆਂ ਰਾਤਾਂ, ਪੇਟੋਂ ਭੁੱਖੇ ਜੱਸੇ ਨੂੰ ਨੀਂਦ ਨਾ ਆਈ। ਜੱਸੇ ਦੇ ਲਫਜਾਂ ਨੂੰ ਫਰੀਦ ਜੀ ਉਚਾਰਦੇ ਹਨ।

ਫਰੀਦਾ ਰਾਤੀ ਵਡੀਆਂ, ਧੁਖਿ ਧੁਖਿ ਉਠਨਿ ਪਾਸਿ ॥ ਹੇ ਫਰੀਦ! (ਪੋਹ) ਦੀਆਂ ਰਾਤਾਂ ਵੱਡੀਆਂ ਹਨ (ਲੰਮੇ ਪੈ ਕੇ ਮੇਰੇ) ਪਾਸੇ ਧੁਖ ਧੁਖ ਉਠਦੇ ਹਨ (ਲੰਮੇ ਪਿਆਂ ਤੇ ਭੁੱਖ ਦੇ ਮਾਰੇ ਆਂਦਰਾਂ ਸੜ ਰਹੀਆਂ ਹਨ; ਲੰਮੇ ਪਿਆਂ ਅੰਗ ਥੱਕ ਕੇ ਦੁਖਦੇ ਹਨ)।

ਅੰਗ ੧੩੭੯ = ਧਿਗੁ ਤਿਨ੍ਹਾ ਦਾ ਜੀਵਿਆ, ਜਿਨਾ ਵਿਡਾਣੀ ਆਸ ॥੨੧॥ ਜਿਨ੍ਹਾਂ ਨੂੰ ਬਿਗਾਨੀ ਆਸ ਰਹਿੰਦੀ ਹੈ, ਉਨ੍ਹਾਂ ਦੇ ਜਿਉਣ ਨੂੰ ਧ੍ਰਿਕਾਰ ਹੈ।੨੧।

ਪਦਾਰਥ = ਰਾਤੀ–ਰਾਤਾਂ। ਧੁਖਿ ਉਠਨਿ–ਸੜਦੇ ਹਨ; ਥੱਕ ਕੇ ਦੁਖਦੇ ਹਨ; ਪੱਕ (ਅੰਬ) ਗਏ ਹਨ। ਪਾਸ–ਪਾਸੇ; ਪਸਲੀਆਂ; ਵੱਖੀਆਂ। ਧਿਗੁ–ਧਿਰਕਾਰ ; ਲਾਹਣਤ। ਤਿਨ੍ ਦਾ–ਉਨ੍ਹਾਂ ਦਾ। ਜਿਨਾ–ਜਿਨ੍ਹਾਂ ਨੂੰ। ਵਿਡਾਣੀ–ਬਿਗਾਨੀ; ਪਰਾਈ।੨੧।

ਵਿਆਖਿਆ = ਬੰਦੇ ਨੂੰ ਨੀਂਦ ਨਾ ਆਵੇ ਤਾਂ ਰਾਤ ਮੁੱਕਣ ਵਿਚ ਹੀ ਨਹੀ ਆਉਂਦੀ। ਇਕ ਸਿਆਲਾਂ ਦੀਆਂ ਰਾਤਾਂ ਲੰਬੀਆਂ ਹੁੰਦੀਆਂ ਹਨ, ਫਿਰ ਉਤੋਂ ਭੁਖ, ਰਾਤ ਕਿਵੇਂ ਲੰਘੇ। ਲੰਮੇ ਪਿਆਂ ਵੱਖੀਆ ਦੁਖਣ ਲਗ ਜਾਂਦੀਆਂ ਹਨ। ਐਸੀ ਹਾਲਤ ਚਿੰਤਾ ਸੋਚਾਂ ਤੇ ਦੂਜੇ ਦੀ ਆਸ ਤੱਕ ਕੇ ਹੁੰਦੀ ਹੈ। ਰੱਬੀ ਲਗਨ ਵਾਲੇ ਰਾਤ ਨੂੰ ਭਜਨ ਕਰਦੇ ਹਨ, ਰਾਤ ਲੰਘੀ ਦਾ ਪਤਾ ਹੀ ਨਹੀ ਲਗਦਾ। ਮਨਮੁਖਾਂ ਦੀ ਰਾਤ ਨਹੀ ਬੀਤਦੀ।੨੧। ਰਾਤਿ ਨ ਵਿਹਾਵੀ ਸਾਕਤਾਂ, ਜਿਨਾ ਵਿਸਰੈ ਨਾਉ। (੧੨੮੪)

ਫਰੀਦਾ ਜੇ ਮੈ ਹੋਦਾ ਵਾਰਿਆ, ਮਿਤਾ ਆਇੜਿਆਂ ॥ ਹੇੜਾ ਜਲੈ ਮਜੀਠ ਜਿਉ, ਉਪਰਿ ਅੰਗਾਰਾ ॥੨੨॥ ਫਰੀਦ ਜੀ ਕਹਿੰਦੇ ਹਨ, ਹੇ ਭਾਈ! (ਜੱਸੇ ਲੁਹਾਰ ਨੂੰ) ਜੇ ਮੇਰੇ ਕੋਲ ਹੁੰਦਾ ਪਦਾਰਥ ਆਏ ਹੋਏ ਮਿਤ੍ਰਾਂ ਤੋਂ ਲੁਕਾ ਕੇ ਰਖਿਆ ਹੋਵੇ। ਤਾਂ ਮੇਰਾ ਸਰੀਰ ਮਜੀਠ ਵਾਂਗ (ਭਖਦੇ ਲਾਲ) ਕੋਲਿਆਂ ਉਤੇ ਸੜ ਜਾਵੇ; ਜੋ ਮੇਰੇ ਅੰਦਰ ਹਉਮੈ ਦੀ ਹੋਂਦ ਸੀ, ਹਰੀ ਮਿਤ੍ਰ ਦੇ ਆਇਆਂ, ਮੈਂ (ਮਿਤ੍ਰ ਤੋਂ) ਵਾਰ ਦਿਤੀ। ਸਰੀਰ ਦੇ ਹੰਕਾਰ ਨੂੰ ਮੈਂ ਰੱਬੀ ਗਿਆਨ ਦੀ ਅਗ ਉਤੇ ਮਜੀਠ ਵਾਂਗ ਸਾੜ ਦਿਤਾ ਹੈ।੨੨।

ਪਦਾਰਥ = ਹੋਦਾ–ਹੁੰਦਾ (ਪਦਾਰਥ)। ਵਾਰਿਆ–ਵਰਜ (ਲੁਕਾ) ਕੇ ਰਖਦਾ। ਮਿਤਾ ਆਇੜਿਆਂ–ਮਿਤ੍ਰਾਂ ਦੇ ਆਂਇਆਂ। ਹੇੜਾ–ਸਰੀਰ। ਮਜੀਠ ਜਿਉ–ਮਜੀਠ ਵਾਂਗ। ਉਪਰਿ ਅੰਗਾਰਾ–ਭਖਦੇ ਕੋਲਿਆਂ ਉਤੇ।੨੨।

ਫਰੀਦਾ ਲੋੜੈ ਦਾਖ ਬਿਜਉਰੀਆਂ, ਕਿਕਰਿ ਬੀਜੈ ਜਟੁ ॥ ਹੰਢੈ ਉਂਨ ਕਤਾਇਦਾ, ਪੈਧਾ ਲੋੜੈ ਪਟੁ ॥੨੩॥ ਹੇ ਫਰੀਦ! ਜਿਵੇਂ ਕੋਈ ਜੱਟ ਕਿੱਕਰ ਬੀਜਦਾ ਹੈ, (ਪਰ ਮਨ ਵਿਚ ਉਸ ਤੋਂ) ਬਿਜੌਰੀਆਂ ਤੇ ਦਾਖਾਂ (ਪ੍ਰਾਪਤ ਕਰਨਾ) ਚਾਹੁੰਦਾ ਹੈ। ਜਿਵੇਂ ਕੋਈ ਪੁਰਖ ਉੱਨ ਕਤਾਉਂਦਾ ਫਿਰੇ, ਪਰ ਪਹਿਨਣਾ ਚਾਹੁੰਦਾ ਹੋਵੇ ਰੇਸ਼ਮ (ਇਹ ਕਿਵੇਂ ਹੋ ਸਕਦਾ ਹੈ)। ਅੰਤ੍ਰੀਵ ਭਾਵ :– ਜਿਵੇਂ ਮੂਰਖ ਪਾਪ ਰੂਪ ਕਿੱਕਰ ਬੀਜਦਾ ਹੈ ਪਰ ਉਸ ਤੋਂ ਸੰਸਾਰਕ ਸੁਖ ਤੇ ਸੁਰਗ ਦੇ ਸੁਖ ਹਾਸਲ ਕਰਨਾ ਚਾਹੁੰਦਾ ਹੈ। ਇਸੇ ਤਰਾਂ ਮਨੁੱਖ ਸਾਕਾਮ ਰੂਪ ਉਨ ਕਤਾਉਂਦਾ ਫਿਰਦਾ ਹੈ, ਪਰ ਗਿਆਨ ਰੂਪ ਰੇਸ਼ਮ ਦੇ ਬਸਤ੍ਰ ਪਹਿਨਣਾ ਚਾਹੁੰਦਾ ਹੈ (ਏਹ ਤਾਂ ਅਸੰਭਵ ਹੈ)।੨੩।

ਪਦਾਰਥ = ਲੋੜੈ-ਚਾਹੁੰਦਾ ਹੈ।ਦਾਖ-ਸੌਗੀ; ਦਾਖਾਂ।ਬਿਜਉਰੀਆਂ-ਬਿਜੌਰ, ਪਾਕਿਸਤਾਨ ਕਸ਼ਮੀਰ ਵਿਚ (ਮਾਲਾਕਾਂਦ, ਚਿਤਰਾਲ) ਦਾ ਇਲਾਕਾ, ਇਥੇ ਸੰਗਤਰੇ ਦੀ ਕਿਸਮ ਦਾ ਇਕ ਫਲ ਹੁੰਦਾ ਹੈ, ਉਸ ਨੂੰ ਬਿਜੌਰਾ ਆਖਦੇ ਹਨ; ਕਈ ਬਿਜੌਰ ਦੀਆਂ ਦਾਖਾਂ ਵੀ ਅਰਥ ਕਰਦੇ ਹਨ।ਹੰਢੈ-ਫਿਰਦਾ ਹੈ।ਪੈਧਾ-ਪਹਿਨਣਾ।ਪਟੁ-ਰੇਸ਼ਮ।੨੩।ਜਿਹੜਾ ਮਨੁੱਖ ਖੋਟੇ ਕੰਮ ਕਰਕੇ ਚੰਗੇ ਫਲ ਚਾਹੇ,ਉਹ ਮੂਰਖ ਹੈ। ਬੀਜੇ ਬਿਖੁ ਮੰਗੈ ਅੰਮ੍ਰਿਤੁ ,ਵੇਖਹੁ ਇਹੁ ਨਿਆਉ। (੪੭੪)

ਫਰੀਦਾ ਗਲੀਏ ਚਿਕੜੁ ਦੂਰਿ ਘਰੁ, ਨਾਲਿ ਪਿਆਰੇ ਨੇਹੁ ॥ ਚਲਾ ਤ ਭਿਜੈ ਕੰਬਲੀ, ਰਹਾਂ ਤ ਤੁਟੈ ਨੇਹੁ ॥੨੪॥ ਹੇ ਫਰੀਦ! ਮੀਂਹ ਪੈਣ ਕਰਕੇ ਗਲੀਆਂ ਵਿਚ ਚਿੱਕੜ ਹੋ ਗਿਆ ਹੈ, ਪਰ ਪਿਆਰੇ ਦਾ ਘਰ ਦੂਰ ਹੈ ਅਤੇ ਪਿਆਰੇ ਨਾਲ ਪ੍ਰੇਮ ਵੀ ਬਹੁਤ ਹੈ।ਜੇ ਚਲਦਾ ਹਾਂ, ਤਾਂ ਮੇਰੀ ਲੋਈ ਭਿਜਦੀ ਹੈ (ਜੇ ਲੋਈ ਭਿਜਣ ਦੇ ਖਿਆਲ ਕਰਕੇ ਜਾਣ ਤੋਂ) ਰਹਿ ਜਾਂਦਾ ਹਾਂ, ਤਾਂ ਪ੍ਰੇਮ ਟੁੱਟਦਾ ਹੈ।੨੪।

ਪਦਰਾਥ = ਗਲੀਏ-ਗਲੀਆਂ ਵਿਚ।ਕੰਬਲੀ-ਸਰੀਰ ਉਤੇ ਲਈ ਹੋਈ ਲੋਈ।ਨੇਹਹੁ-ਪਿਆਰ।ਤ-ਤਾਂ।ਭਿਜੈ-ਭਿੱਜਦੀ ਹੈ।ਰਹਾਂ ਤ-ਜੇ ਜਾਣ ਤੋਂ ਰਹਿੰਦਾ ਭਾਵ ਨਹੀ ਜਾਂਦਾ।ਤੁਟੈ-ਟੁੱਟਦਾ ਹੈ।੨੪।

ਵਿਆਖਿਆ = ਪਰਮਾਰਥ ਦੇ ਰਸਤੇ ਵਿਚ ਪ੍ਰਵਾਰ ਦੇ ਮੋਹ ਦਾ ਚਿੱਕੜ ਰੁਕਾਵਟ ਪਾਉਂਦਾ ਹੈ, ਪਿਆਰੇ ਰੱਬ ਨਾਲ ਪ੍ਰੇਮ ਬਹੁਤ ਹੈ, ਪਰ ਪ੍ਰਾਪਤੀ ਦਾ ਘਰ ਦੂਰ ਹੈ।ਜੇ ਇਸ ਰਸਤੇ ਚਲਦਾ ਹਾਂ, ਤਾਂ ਸੰਸਾਰਕ ਦੁੱਖ ਬੜੇ ਝੱਲਣੇ ਪੈਂਦੇ ਹਨ।ਜੇ ਦੁਖਾਂ ਤੋਂ ਡਰ ਕੇ ਨਾ ਤੁਰੀਏ ਤਾਂ ਪ੍ਰਮਾਰਥ ਸਿੱਧ ਨਹੀ ਹੁੰਦਾ।੨੪।

ਭਿਜਉ ਸਿਜਉ ਕੰਬਲੀ, ਅਲਹ ਵਰਸਉ ਮੇਹੁ ॥ ਜਾਇ ਮਿਲਾ ਤਿਨਾ ਸਜਣਾ, ਤੁਟਉ ਨਾਹੀ ਨੇਹੁ ॥੨੫॥ ਮੀਂਹ ਨਾਲ ਮੇਰੀ ਕੰਬਲੀ ਬੇ ਸ਼ੱਕ ਭਿੱਜ ਜਾਵੇ ਅਤੇ ਗਿੱਲੀ (ਜਾਂ ਗਿੱਲੀ ਹੋ ਕੇ ਬੋਝਲ) ਹੋ ਜਾਵੇ, ਅੱਲਾ ਵਲੋਂ ਮੀਂਹ ਵੀ ਬਰਸੀ ਜਾਵੇ।(ਪਰ ਮੈਂ) ਉਨ੍ਹਾਂ ਸਜਣਾਂ ਨੂੰ ਜਰੂਰ ਜਾ ਮਿਲਾਂਗਾ, ਤਾਂ ਕਿ ਮੇਰਾ ਪ੍ਰੇਮ ਨਾ ਟੁੱਟ ਜਾਵੇ (ਕਾਇਮ ਰਹੇ)।੨੫।

ਪਦਾਰਥ = ਭਿਜਉ-ਭਿਜ ਜਾਵੇ।ਸਿਜਉ-ਗਿੱਲੀ ਹੋ ਜਾਵੇ ਜਾਂ ਸਰੀਰ ਦੇ ਅੰਗ ਵੀ ਭਾਵੇਂ ਗਿੱਲੇ ਹੋ ਜਾਣ।ਅਲਹ-ਰੱਬ ਵੱਲੋਂ।ਮੇਹੁ-ਮੀਂਹ।ਤਿਨਾ-ਉਨ੍ਹਾਂ ਨੂੰ।ਤੁਟਉ ਨਾਹੀ-ਨਾ ਟੁੱਟੇ।ਨੇਹੁ-ਪਿਆਰ।੨੫।

ਵਿਆਖਿਆ = ਇਹ ਵੀ ਪ੍ਰੀਖਿਆ ਦਾ ਸਮਾਂ ਹੁੰਦਾ ਹੈ।ਰੱਬ ਦੀ ਹੁਕਮ ਅਦੂਲੀ ਕਰਨੀ ਵੀ ਫਕੀਰਾਂ ਨੂੰ ਸੋਭਦੀ ਨਹੀਂ।ਸਰੀਰਕ ਦੁਖਾਂ ਦੀ ਪ੍ਰਵਾਹ ਨਾ ਕਰਦੇ ਹੋਇਆਂ ਤੇ ਪ੍ਰਵਾਰ ਦੇ ਮੋਹ ਦੇ ਚਿੱਕੜ ਵਿਚੋਂ ਲੰਘ ਕੇ ਉਦਮ ਤੇ ਨਾਮ ਬਾਣੀ ਦੇ ਅਭਿਆਸ ਨਾਲ ਦਰਵੇਸ਼ ਅਪਣੇ ਸਜਣ ਨੂੰ ਜਾ ਮਿਲਦੇ ਹਨ।ਕਿਉਕਿ ਉਹ ਮੋਹ ਅਤੇ ਫਕੀਰੀ ਦੇ ਰਸਤੇ ਵਿਚ ਆਉਣ ਵਾਲੇ ਦੁਖਾਂ ਨਾਲੋਂ ਰੱਬੀ ਪ੍ਰੇਮ ਨੂੰ ਪਹਿਲ ਦੇਂਦੇ ਹਨ (ਮੇਰਾ ਖਿਆਲ)।੨੫।

ਫਰੀਦਾ ਮੈ ਭੋਲਾਵਾ ਪਗ ਦਾ, ਮਤੁ ਮੈਲੀ ਹੋਇ ਜਾਇ ॥ ਗਹਿਲਾ ਰੂਹੁ ਨ ਜਾਣਈ, ਸਿਰੁ ਭੀ ਮਿਟੀ ਖਾਇ ॥੨੬॥ ਹੇ ਫਰੀਦ! ਮੈਨੂੰ ਅਪਣੀ ਪੱਗ (ਦਸਤਾਰ) ਦਾ ਭੁਲੇਖਾ ਰਹਿੰਦਾ ਹੈ ਕਿ ਕਿਤੇ ਮੈਲੀ ਨਾ ਹੋ ਜਾਵੇ।(ਪਰ ਇਹ) ਪਾਗਲ ਮਨ ਨਹੀ ਜਾਣਦਾ ਕਿ (ਅੰਤ ਨੂੰ ਕਬਰ ਵਿਚ ਪਏ ਮਨੁੱਖ ਦਾ) ਸਿਰ ਵੀ ਮਿੱਟੀ ਖਾ ਜਾਂਦੀ ਹੈ।੨੬।

ਪਦਾਰਥ = ਭੋਲਾਵਾ-ਭੁਲੇਖਾ।ਪਗ-ਦਸਤਾਰ (ਪੱਗ ਪੜ੍ਹੋ)।ਮਤੁ-ਮੱਤਾਂ; ਨਹੀਂ।ਗਹਿਲਾ-ਪਾਗਲ; ਲਾ ਪ੍ਰਵਾਹ।ਰੂਹੁ-ਜਿੰਦ; ਮਨ। ਸਿਰੁ ਬੀ-ਸਿਰ ਨੂੰ ਵੀ।ਮਿਟੀ ਖਾਇ-ਮਿੱਟੀ ਖਾ ਜਾਂਦੀ ਹੈ। ੨੬।

ਵਿਆਖਿਆ = ਕਿਸੇ ਅਮੀਰ ਬੰਦੇ ਨੇ ਫਰੀਦ ਸਾਹਿਬ ਨੂੰ ਮੱਥਾ ਟੇਕਿਆ, ਪਰ ਪੂਰਾ ਨਾ ਝੁਕਿਆ।ਉਸਦੇ ਨਵੀਂ ਪੱਗ ਬੰਨ੍ਹੀ ਹੋਈ ਸੀ, ਪੂਰਾ ਝੁਕਣ ਨਾਲ ਕਿਤੇ ਪੱਗ ਨੂੰ ਮਿਟੀ ਨਾ ਲੱਗ ਜਾਵੇ।ਬਾਬਾ ਜੀ ਨੇ ਉਸਨੂੰ ਇਸ ਸਲੋਕ ਰਾਹੀਂ ਸਿਖਿਆ ਦਿਤੀ ਹੈ।੨੬।

ਫਰੀਦਾ ਸਕਰ ਖੰਡੁ ਨਿਵਾਤ ਗੁੜੁ, ਮਾਖਿਉ ਮਾਂਝਾ ਦੁਧੁ ॥ ਸਭੇ ਵਸਤੂ ਮਿਠੀਆਂ, ਰਬ ਨ ਪੁਜਨਿ ਤੁਧੁ ॥੨੭॥ ਫਰੀਦ ਜੀ ਕਹਿੰਦੇ ਹਨ ਕਿ ਸ਼ੱਕਰ, ਖੰਡ, ਮਿਸ਼ਰੀ, ਗੁੜ, ਸ਼ਹਿਦ ਅਤੇ ਮੱਝ ਦਾ ਦੁੱਧ।ਇਹ ਸਾਰੀਆਂ ਚੀਜਾਂ ਮਿੱਠੀਆਂ ਤਾਂ ਹਨ, (ਪਰ) ਹੇ ਖੁਦਾ! ਤੇਰੇ (ਨਾਮ ਦੀ ਮਿਠਾਸ ਦੇ ਬਰਾਬਰ) ਨਹੀਂ ਪੁਜ ਸਕਦੀਆਂ।੨੭। ਸਭੇ ਵਸਤੂ ਕਉੜੀਆ, ਸਚੇ ਨਾਉ ਮਿਠਾ। (੩੨੧)

ਪਦਾਰਥ = ਨਿਵਾਤ-ਮਿਸ਼ਰੀ।ਮਾਖਿਉ-ਸ਼ਹਿਦ।ਮਾਂਝਾ-ਮੱਝ ਦਾ।ਨ ਪੁਜਨਿ-ਨਹੀਂ ਪੁਜ ਸਕਦੀਆਂ।੨੭।

ਵਿਆਖਿਆ = ਮਾਂ ਮਰੀਅਮ ਨੇ ਸੱਕਰ ਦਾ ਲਾਲਚ ਦੇ ਕੇ ਬਚਪਨ ਵਿਚ ਫਰੀਦ ਜੀ ਨੂੰ ਬੰਦਗੀ ਕਰਨ ਲਾ ਦਿਤਾ ਸੀ।ਮਾਂ ਨਿਮਾਜ ਪੜ੍ਹਨ ਵਾਲੀ ਸਫ ਦੇ ਥੱਲੇ ਸੱਕਰ ਦੀ ਪੁੜੀ ਰੱਖ ਦਿਆ ਕਰੇ ਤੇ ਫਰੀਦ ਜੀ ਨਿਮਾਜ ਪੜ੍ਹ ਕੇ ਸੱਕਰ ਖਾ ਲਿਆ ਕਰਨ।ਇਕ ਦਿਨ ਬੰਦਗੀ ਦਾ ਇਤਨਾ ਅਨੰਦ ਆਇਆ, ਆਪ ਜੀ ਨੇ ਸੱਕਰ ਨਾ ਖਾਧੀ।ਮਾਂ ਦੇ ਪੁੱਛਣ ਤੇ ਆਪ ਜੀ ਨੇ ਕਿਹਾ, ਮਾਂ!ਮੈਨੂੰ ਅੱਲਾ ਦਾ ਮਿੱਠਾ ਨਾਮ ਮਿਲ ਗਿਆ ਹੈ, ਉਸਦੇ ਤੁੱਲ ਇਹ ਸਾਰੀਆਂ ਮਿੱਠੀਆਂ ਚੀਜਾਂ ਨਹੀਂ ਪੁਜ ਸਕਦੀਆਂ।ਦੂਜੀ ਸਾਖੀ ਇਉਂ ਬੀ ਹੈ = ਫਰੀਦ ਜੀ ਨੂੰ ਬਚਪਨ ਤੋਂ ਹੀ ਮਿੱਠੀਆਂ ਚੀਜਾਂ ਖਾਣ ਦਾ ਸ਼ੌਕ ਸੀ।ਕਿਹਾ ਜਾਂਦਾ ਹੈ ਕਿ ਆਪ ੧੨ ਸਾਲ ਜੰਗਲਾਂ ਵਿਚ ਤਪ ਕਰ ਕੇ ਘਰ ਨੂੰ ਆਏ।ਮਾਂ ਨੇ ਖੁਸ਼ੀ ਵਿਚ ਸਾਰੀਆਂ ਮਿੱਠੀਆਂ ਚੀਜਾਂ ਸਕਰ ਖੰਡ ਮਿਸ਼ਰੀ ਸ਼ਹਿਤ ਆਦਿ ਖਾਣ ਲਈ ਲਿਆ ਧਰੀਆਂ।ਉਨ੍ਹਾਂ ਮਿੱਠੀਆਂ ਚੀਜਾਂ ਨੂੰ ਦੇਖ ਕੇ ਆਪ ਜੀ ਵੱਲੋਂ ਇਹ ਸਲੋਕ ਉਚਾਰਿਆ ਦੱਸਿਆ ਜਾਂਦਾ ਹੈ।੨੭।

ਫਰੀਦਾ ਰੋਟੀ ਮੇਰੀ ਕਾਠ ਕੀ, ਲਾਵਣੁ ਮੇਰੀ ਭੁਖ ॥ ਜਿਨਾ ਖਾਧੀ ਚੋਪੜੀ, ਘਣੇ ਸਹਿਨਗੇ ਦੁਖ ॥੨੮। ਫਰੀਦ ਜੀ ਆਖਦੇ ਹਨ ਕਿ ਮੇਰੀ ਰੋਟੀ (ਸੁੱਕ ਕੇ) ਲੱਕੜੀ ਵਰਗੀ (ਸਖਤ) ਹੋ ਗਈ ਹੈ ਤੇ ਭੁੱਖ ਮੇਰਾ ਸਲੂਣਾ (ਕੋਈ ਦਾਲ ਸਬਜੀ) ਹੈ। ਜਿਨ੍ਹਾਂ ਨੇ ਚੋਪੜੀਆਂ (ਹਰਾਮ ਦੀ ਕਮਾਈਆਂ) ਖਾਧੀਆਂ ਹਨ, ਉਹ (ਪ੍ਰਲੋਕ ਵਿਚ) ਬਹੁਤ ਦੁਖ ਸਹਿਣਗੇ।੨੮।

ਪਦਾਰਥ = ਕਾਠ-(ਸੁੱਕ ਕੇ ਲਕੜੀ ਵਰਗੀ ਸਖਤ ਹੋਈ) ਬਾਸੀ ਰੋਟੀ, ਜਦ ਰੋਟੀ ਸੁੱਕ ਜਾਵੇ ਤਾਂ ਕਹਿ ਦੇਈਦਾ ਹੈ ਕਿ ਰੋਟੀ ਲੱਕੜੀ ਬਣੀ ਪਈ ਹੈ। ਲਾਵਣੁ-(ਰੋਟੀ ਨਾਲ ਲਾ ਕੇ ਖਾਣ ਵਾਲੀ ਕੋਈ) ਸਲੂਣੀ ਦਾਲ ਸਬਜੀ ਆਦਿ। ਚੋਪੜੀ-ਘਿਓ ਨਾਲ ਤਰ ਕੀਤੀ ਰੋਟੀ ਭਾਵ ਰਸਾਂ ਕਸਾਂ ਦੇ ਸੁਆਦ ਜੋ ਹਰਾਮ ਦੀ ਕਮਾਈ ਨਾਲ ਮਾਣੇ ਹੋਣ। ਘਣੇ-ਬਹੁਤ।੨੮।

ਵਿਆਖਿਆ = ਕਣਕ ਤੇ ਬਾਜਰੇ ਦੀ ਰੋਟੀ ਚੋਪੜੀ ਤੋਂ ਬਿਨਾ ਕਾਠ ਵਰਗੀ ਸਖਤ ਹੋ ਜਾਂਦੀ ਹੈ। ਕਾਠ ਦੀ ਰੋਟੀ ਦਾ ਭਾਵ ਸੁੱਕੀ ਅਤੇ ਦਾਲ ਸਬਜੀ ਤੋਂ ਬਿਨਾ ਹੋਣ ਤੋਂ ਹੈ। ਜੋ ਮਨੁੱਖ ਸਾਦੀ ਰੋਟੀ ਖਾ ਕੇ ਭਜਨ ਕਰਦਾ ਹੈ, ਸੁਖੀ ਹੈ। ਜੋ ਰੱਬ ਤੋਂ ਬੇਮੁਖ ਹੋ ਕੇ, ਪਾਪ ਕਰਕੇ ਅਤੇ ਪਰਾਏ ਹੱਕ ਦੀ ਸੁਾਦਿਸ਼ਟ ਰੋਟੀ ਖਾਂਦੇ ਹਨ, ਉਹ ਦੁੱਖ ਪਾਉਣਗੇ। ਕਈ ਗਿਆਨੀ ਕਾਠ ਦੀ ਰੋਟੀ ਤੋਂ ਰੁੱਖਾਂ ਦੇ ਫਲ ਪੀਲੂ ਆਦਿ ਖਾਣ ਤੋਂ ਲੈਂਦੇ ਹਨ (ਦਰੱਖਤਾਂ ਦੇ ਫ਼ਲ ਵੀ ਕਾਠ (ਲੱਕੜ) ਨੂੰ ਲਗਦੇ ਹਨ)। ਇਸ ਸਲੋਕ ਵਿਚ ਸੁਕੀ ਰੋਟੀ ਖਾਣ ਦਾ ਭਾਵ ਓਹੀ ਹੈ ਜੋ ਅਗਲੇ ਵਿਚ ਦਸਿਆ ਹੈ।੨੮।

ਰੁਖੀ ਸੁਖੀ ਖਾਇ ਕੈ, ਠੰਢਾ ਪਾਣੀ ਪੀਉ ॥ ਫਰੀਦਾ ਦੇਖਿ ਪਰਾਈ ਚੋਪੜੀ, ਨਾ ਤਰਸਾਏ ਜੀਉ ॥੨੯॥ (ਫਰੀਦ ਜੀ ਅਪਣੇ ਆਪ ਨੂੰ ਕਹਿੰਦੇ ਹਨ) ਰੁਖੀ ਸੁੱਕੀ ਖਾ ਕੇ ਠੰਢਾ ਪਾਣੀ ਪੀ ਲੈ {ਹਰਿ ਰੁਖੀ ਰੋਟੀ ਖਾਇ ਸਮਾਲੇ ੧੦੫}। (ਪਰ) ਹੇ ਫਰੀਦ! ਦੂਜਿਆਂ ਦੀ ਚੋਪੜੀ ਹੋਈ ਰੋਟੀ ਦੇਖ ਕੇ ਅਪਣੇ ਮਨ ਨੂੰ ਨਾ ਤਰਸਾ (ਸੁਆਦਲੇ ਭੋਜਨ ਖਾਂਦਿਆਂ ਨੂੰ ਦੇਖ ਕੇ ਤੂੰ ਮਨ ਵਿਚ ਇੱਛਾ ਨਾ ਕਰ)।੨੯।

ਪਦਾਰਥ = ਰੁਖੀ-ਦਾਲ ਸਬਜੀ ਆਦਿ ਤੋਂ ਬਿਨਾ। ਸੁਖੀ-ਬਿਨਾ ਚੋਪੜੀ ਤੋਂ। ਨ ਤਰਸਾਏ-ਇੱਛਾ ਨਾ ਕਰ; ਦੁਖੀ ਨਾ ਕਰ।੨੯। ਬਹੁ ਸਾਦਹੁ ਦੂਖ ਪਰਾਪਤਿ ਹੋਵੈ। ਭੋਗਹੁ ਰੋਗ ਸੁ ਅੰਤਿ ਵਿਗੋਵੈ। (੧੦੩੪)। ਉਪਰਲੇ ਤਿੰਨਾਂ ਸਲੋਕਾਂ ਦਾ ਭਾਵ ਇਕੋ ਹੀ ਹੈ। ਦੁਨੀਆਵੀ ਭੋਜਨਾਂ ਦੇ ਸੁਆਦ ਰੱਬ ਦੀ ਬੰਦਗੀ ਦੇ ਅਨੰਦ ਦੇ ਬਰਾਬਰ ਨਹੀ ਹਨ।

ਅਜੁ ਨ ਸੁਤੀ ਕੰਤ ਸਿਉ, ਅੰਗੁ ਮੁੜੇ ਮੁੜਿ ਜਾਇ ॥ ਜਾਇ ਪੁਛਹੁ ਡੋਹਾਗਣੀ, ਤੁਮ ਕਿਉ ਰੈਣਿ ਵਿਹਾਇ ॥੩੦॥ ਅਜ ਮੈਂ ਅਪਣੇ ਸ਼ਹੁ ਪਤੀ ਨਾਲ ਨਹੀ ਸੁੱਤੀ (ਅੱਜ ਬੰਦਗੀ ਤੋਂ ਮਨ ਅਵੇਸਲਾ ਹੋ ਗਿਆ), ਤਾਂ ਮੇਰਾ ਅੰਗ ਅੰਗ ਟੁੱਟ (ਮੁਰਝਾ) ਰਿਹਾ ਹੈ। ਉਨ੍ਹਾਂ ਦੁਹਾਗਣਾਂ ਨੂੰ ਜਾ ਕੇ ਪੁਛੋ ਕਿ (ਮਾਲਕ ਦੀ ਯਾਦ ਤੋਂ ਬਿਨਾ) ਤੁਹਾਡੀ ਰਾਤ ਕਿਵੇਂ ਬੀਤਦੀ ਹੈ।੩੦।

ਪਦਾਰਥ = ਨ ਸੁਤੀ-ਬੰਦਗੀ ਨਹੀ ਹੋਈ। ਮੁੜੇ ਮੁੜਿ-ਮਨ ਉਦਾਸ ਹੋ ਰਿਹਾ ਹੈ; ਸਰੀਰ ਟੁੱਟਦਾ ਹੈ (ਬੜਾ ਦੁੱਖ); ਮੁਰਝਾ ਰਹੇ ਹਨ। ਡੋਹਾਗਣੀ-ਜੋ ਪਤੀ ਤੋਂ ਬਿਨਾ ਹਨ। ਰੈਣਿ-(ਜੀਵਨ ਰੂਪ) ਰਾਤ। ਬਿਹਾਇ-ਬੀਤਦੀ ਹੈ।੩੦।

ਸਾਹੁਰੈ ਢੋਈ ਨਾ ਲਹੈ, ਪੇਈਐ ਨਾਹੀ ਥਾਉ ॥ ਪਿਰੁ ਵਾਤੜੀ ਨ ਪੁਛਈ, ਧਨ ਸੋਹਾਗਣਿ ਨਾਉ ॥੩੧॥ ਜਿਸ ਜੀਵ ਇਸਤ੍ਰੀ ਨੂੰ ਨਾ ਪੇਕੇ (ਸੰਸਾਰ) ਘਰ ਵਿਚ ਕੋਈ ਥਾਂ ਮਿਲਦੀ ਹੈ, ਨਾ ਹੀ ਸਹੁਰੇ ਘਰ (ਸਾਂਈ ਦੇ ਦਰਬਾਰ) ਵਿਚ ਆਸਰਾ ਮਿਲਦਾ ਹੈ। ਪ੍ਰਭੂ ਪਤੀ (ਉਸ ਦੀ) ਗੱਲ ਵੀ ਨਹੀ ਪੁਛਦਾ, ਚੰਗਾ (ਉਸ ਦਾ) ਸੁਹਾਗਣ ਨਾਂ ਹੈ? ਭਾਵ ਨਾਮ ਦੀ ਹੀ ਸੁਹਾਗਣ ਹੈਂ, ਪਤੀ ਨਾਲ ਤਾਂ ਮੇਲ ਹੋਇਆ ਹੀ ਨਹੀ।੩੧।

ਪਦਾਰਥ = ਸਾਹੁਰੈ-ਰੱਬੀ ਦਰਗਾਹ। ਪੇਈਐ-ਪੇਕਾ ਘਰ (ਸੰਸਾਰ)। ਢੋਈ-ਆਸਰਾ। ਨ ਲਹੈ-ਨਹੀ ਮਿਲਦੀ। ਪਿਰੁ-ਪਤੀ ਪ੍ਰਭੂ। ਵਾਤੜੀ-ਖਬਰ; ਗੱਲ। ਧਨ-ਚੰਗਾ; ਧੰਨ।੩੧।

ਵਿਆਖਿਆ = ਪਤੀ ਤਾਂ ਖਬਰ ਵੀ ਨਹੀ ਪੁਛਦਾ, ਸੁਹਾਗਣ ਕਾਹਦੀ ਹੋਈ? ਐਸੀ ਅਪਣੇ ਨੂੰ ਸੁਹਾਗਣ ਕਹਾਉਣ ਵਾਲੀ ਜੀਵ ਇਸਤ੍ਰੀ ਨੂੰ ਲੋਕ ਪ੍ਰਲੋਕ ਵਿਚ ਢੋਈ ਨਹੀ ਮਿਲਦੀ, ਦੋਹਾਂ ਲੋਕਾਂ ਵਿਚ ਖੁਆਰ ਹੁੰਦੀ ਹੈ।੩੧।

ਸਾਹੁਰੈ ਪੇਈਐ ਕੰਤ ਕੀ, ਕੰਤੁ ਅਗੰਮੁ ਅਥਾਹੁ ॥ ਨਾਨਕ ਸੋ ਸੋਹਾਗਣੀ, ਜੁ ਭਾਵੈ ਬੇਪਰਵਾਹ ॥੩੨॥ ਹੇ ਭਾਈ! (ਜਿਹੜੀ ਜੀਵ ਇਸਤ੍ਰੀ) ਸਹੁਰੇ ਤੇ ਪੇਕੇ ਦੋਹੀਂ ਜਗ੍ਹਾ ਪ੍ਰਭੂ ਪਤੀ ਦੀ ਬਣ ਕੇ ਰਹਿੰਦੀ ਹੈ, ਜੋ ਪ੍ਰਭੂ ਪਤੀ ਮਨ ਬਾਣੀ ਦੀ ਪਹੁੰਚ ਤੋਂ ਪਰੇ ਅਤੇ ਅਥਾਹ (ਬੇਅੰਤ) ਹੈ। ਗੁਰੂ ਨਾਨਕ ਦੇਵ ਜੀ ਆਖਦੇ ਹਨ, ਉਹ (ਜੀਵ ਇਸਤ੍ਰੀ ਅਸਲ) ਸੁਹਾਗਣ ਹੈ, ਜੋ ਉਸ ਬੇ ਪ੍ਰਵਾਹ ਪ੍ਰਭੂ ਨੂੰ ਚੰਗੀ ਲਗਦੀ ਹੈ।੩੨।

ਪਦਾਰਥ = ਸਾਹੁਰੈ-ਸਹੁਰੇ ਘਰ (ਪ੍ਰਲੋਕ) ਵਿਚ। ਪੇਈਐ-ਪੇਕੇ ਘਰ (ਸੰਸਾਰ) ਵਿਚ। ਕੰਤੁ-ਪਤੀ ਪ੍ਰਭੂ। ਅਗੰਮ-ਜਿਥੇ ਮਨ ਤਨ ਕਰਕੇ ਨਾ ਪਹੁੰਚਿਆ ਜਾ ਸਕੇ। ਅਥਾਹੁ-ਜਿਸ ਪਾਣੀ ਦਾ ਥੱਲਾ ਨਾ ਲੱਭੇ; ਬੇਅੰਤ। ਸੋ-ਉਹ। ਭਾਵੈ-ਚੰਗੀ ਲਗਦੀ ਹੈ।੩੨।

ਵਿਆਖਿਆ = ਇਹ ਸਲੋਕ ਗੁਰੂ ਨਾਨਕ ਦੇਵ ਜੀ ਦਾ ਹੈ, ਮਾਰੂ ਦੀ ਵਾਰ ਵਿਚ ੧੦੮੮ ਅੰਗ ਤੇ ਵੀ ਹੈ। ਗੁਰੂ ਜੀ ਨੇ ਸੁਹਾਗਣ ਦਾ ਅਸਲ ਲੱਛਣ ਦਸਕੇ ਫਰੀਦ ਜੀ ਦੇ ਸਲੋਕ ਦੀ ਖੋਲ੍ਹ ਕੇ ਵਿਆਖਿਆ ਕੀਤੀ ਹੈ। ਪ੍ਰਭੂ ਪਤੀ ਲੋਕ ਪ੍ਰਲੋਕ ਸਭ ਥਾਵਾਂ ਤੇ ਪੂਰਨ ਹੈ। ਜੇ ਜੀਵ ਇਸਤ੍ਰੀ ਪੇਕੇ ਘਰ (ਸੰਸਾਰ) ਵਿਚ ਰਹਿੰਦੀ ਹੋਈ ਵੀ ਪਤੀ ਦੀ ਬਣ ਕੇ ਰਹਿੰਦੀ ਹੈ ਤੇ ਮਾਲਕ ਨੂੰ ਭਾ ਜਾਂਦੀ ਹੈ ਤਾਂ

ਉਹ ਸੁਹਾਗ ਵੰਤੀ ਹੈ।੩੨।
ਨਾਤੀ ਧੋਤੀ ਸੰਬਹੀ, ਸੁਤੀ ਆਇ ਨਚਿੰਦੁ ॥ ਫਰੀਦਾ ਰਹੀ ਸੁ ਬੇੜੀ ਹਿੰਙੁ ਦੀ, ਗਈ ਕਥੂਰੀ ਗੰਧੁ ॥੩੩॥ ਜਿਵੇਂ ਇਸਤ੍ਰੀ ਨਹਾ ਕੇ, ਧੋਤੇ ਵਸਤ੍ਰ ਪਾ ਕੇ ਸਜ ਧਜ ਕੇ ਨਿਸਚਿੰਤ ਹੋ ਕੇ ਆ ਸੁੱਤੀ ਹੈ।ਜੋ ਕਸਤੂਰੀ ਦੀ ਸੁਗੰਧੀ (ਨਾਮ ਸਿਮਰ ਕੇ) ਮਿਲਣੀ ਸੀ ਉਹ ਚਲੇ ਗਈ, (ਜਪ ਤਪ ਦੇ ਹੰਕਾਰ ਰੂਪ) ਹਿੰਗ ਦੀ ਬਦਬੋ ਵਿਚ ਵਲ੍ਹੇਟੀ ਰਹੀ (ਜੀਵਨ ਮਿਲਿਆ ਤਾਂ ਭਗਤੀ ਲਈ ਸੀ ਪਰ ਸੋਹਣਾ ਮੌਕਾ ਖੁੰਝਾ ਲਿਆ)।੩੩।
ਪਦਾਰਥ = ਨਾਤੀ ਧੋਤੀ-ਨਹਾ ਧੋ ਕੇ।ਸੰਬਹੀ-ਸਜ ਧਜ ਕੇ।ਨਚਿੰਦੁ-ਬੇ ਫਿਕਰ ਹੋ ਕੇ।ਸੁ-ਉਹ।ਬੇੜੀ ਹਿੰਙੁ ਦੀ-ਹਿੰਗ ਦੀ ਬਦ ਬੋ ਵਿਚ ਵਲ੍ਹੇਟੀ ਹੋਈ।ਕਥੂਰੀ ਗੰਧੁ-ਕਸਤੂਰੀ ਦੀ ਸੁਗੰਧੀ।੩੩।
ਵਿਆਖਿਆ = ਨਾਤੀ ਧੋਤੀ ਦਾ ਭਾਵ ਤੀਰਥ ਸ਼ਨਾਨ ਅਤੇ ਸਰੀਰਕ ਸੁੱਚਮਤਾ ਤੋਂ ਹੈ।ਸੰਬਹੀ-ਭੇਖ ਨਾਲ ਵੀ ਬਣ ਠਣ ਗਿਆ। ਸਮਾਧੀਆਂ ਵੀ ਲਗਾ ਲਈਆਂ।ਇਨ੍ਹਾਂ ਸਾਰੇ ਕਰਮਾਂ ਦੇ ਹੰਕਾਰ ਰੂਪ ਹਿੰਗ ਦੀ ਬਦਬੋ ਵਿਚ ਹੀ ਲਿਪਟਿਆ ਰਿਹਾ।ਨਾਮ ਜਪਣ ਨਾਲ ਜੋ ਕਸਤੂਰੀ ਰੂਪ ਮਹਿਕ ਪੈਦਾ ਹੋਣੀ ਸੀ,ਉਹ ਜਾਂਦੀ ਰਹੀ।੩੩।
ਜੋਬਨ ਜਾਂਦੇ ਨਾ ਡਰਾਂ, ਜੇ ਸਹ ਪ੍ਰੀਤਿ ਨ ਜਾਇ ॥ ਫਰੀਦਾ ਕਿਤੀਂ ਜੋਬਨ ਪ੍ਰੀਤਿ ਬਿਨੁ, ਸੁਕਿ ਗਏ ਕੁਮਲਾਇ ॥੩੪॥ ਜੇ ਮੇਰੇ ਦਿਲ ਵਿਚੋਂ ਪਤੀ ਪ੍ਰਭੂ ਦੀ ਪ੍ਰੀਤ ਨਾ ਜਾਵੇ, ਤਾਂ ਮੈਨੂੰ ਜੁਆਨੀ ਢਲਦੀ ਦਾ ਡਰ ਨਹੀ ਹੈ।ਹੇ ਫਰੀਦ! ਰੱਬ ਦੀ ਪ੍ਰੀਤ ਤੋਂ ਬਿਨਾ ਅਣ ਗਿਣਤ ਲੋਕਾਂ ਦੇ ਜੋਬਨ ਕੁਮਲਾ ਕੇ ਨਾਸ਼ ਹੋ ਗਏ ਹਨ; (ਪਿਛਲੇ ਜਨਮਾਂ ਦੇ) ਮੇਰੇ ਕਿੰਨੇ ਹੀ ਜੋਬਨ ਕੁਮਲਾ ਕੇ ਸੁੱਕ ਗਏ ਹਨ (ਹਰੀ ਦੇ ਪਿਆਰ ਬਿਨਾ ਬਿਅਰਥ ਚਲੇ ਗਏ)।੩੪।
ਪਦਾਰਥ = ਸਹ-ਪ੍ਰਮਾਤਮਾ।ਸਹ-ਰੱਬ ਦੀ।ਕਿਤੀ-ਕਿਤਨੇ ਹੀ (ਬਹੁਤ)।੩੪।
ਸਾਰੰਸ਼ = ਜਵਾਨੀ ਸਦਾ ਨਹੀ ਰਿਹਾ ਕਰਦੀ।ਅਨੇਕਾਂ ਜਨਮਾਂ ਵਿਚ ਜੁਆਨੀ ਪਾ ਕੇ ਤਜਰਬਾ ਕਰ ਲਿਆ ਹੈ, ਸਰੀਰ ਬੁਢੇਪੇ ਵਿਚ ਕੁਮਲਾ ਕੇ ਫਿਰ ਸੁੱਕ ਜਾਂਦੇ ਹਨ (ਮਰਦੇ ਹਨ)।ਜੇ ਮਨ ਵਿਚ ਹਰੀ ਦਾ ਪ੍ਰੇਮ ਰਹੇ ਤਾਂ ਮਨੁੱਖ ਸਦਾ ਚੜ੍ਹਦੀ ਕਲਾ ਵਿਚ ਰਹਿੰਦਾ ਹੈ।
ਫਰੀਦਾ ਚਿੰਤ ਖਟੋਲਾ ਵਾਣੁ ਦੁਖੁ, ਬਿਰਹ ਵਿਛਾਵਣ ਲੇਫੁ ॥ ਏਹੁ ਹਮਾਰਾ ਜੀਵਣਾ, ਤੂ ਸਾਹਿਬ ਸਚੇ ਵੇਖੁ ॥੩੫॥ ਫਰੀਦ ਜੀ ਕਹਿੰਦੇ ਹਨ ਕਿ ਚਿੰਤਾ ਰੂਪ ਮੇਰਾ ਮੰਜਾ ਹੈ, (ਚਿੰਤਾ ਦੇ) ਦੁਖ ਰੂਪ ਬਾਣ (ਨਾਲ ਬੁਣਿਆ ਹੋਇਆ) ਹੈ, ਖੁਦਾ ਦਾ ਵਿਛੋੜਾ ਰੂਪ ਬਿਛੌਣਾ ਅਤੇ ਉਤੇ ਲੈਣ ਨੂੰ (ਪ੍ਰੇਮ ਰੂਪ) ਲੇਫ ਹੈ।ਹੇ ਸੱਚੇ ਸਾਹਿਬ! (ਤੈਥੋਂ ਵਿਛੜ ਕੇ) ਇਸ ਤਰ੍ਹਾਂ ਦਾ ਮੇਰਾ ਜਿਉਣਾ ਹੈ (ਤਰਸ ਖਾ ਕੇ ਮੇਹਰ ਦੀ ਨਜਰ ਨਾਲ) ਮੇਰੇ ਵਲ ਦੇਖ (ਅਤੇ ਅਪਣਾ ਦੀਦਾਰ ਦੇਹ)।੩੫।
ਪਦਾਰਥ = ਚਿੰਤ-ਫਿਕਰ; ਗਮ।ਖਟੋਲਾ (ਖਾਟ)-ਮੰਜਾ।ਵਾਣ-(ਮੰਜਾ ਬੁਣਨ ਵਾਸਤੇ) ਮੁੰਜ ਦੀ ਰੱਸੀ।ਬਿਰਹ-ਵਿਛੋੜਾ; ਪ੍ਰੇਮ (ਵਿਛੋੜਾ ਤੇ ਪ੍ਰੇਮ, ਲੇਫ ਤੇ ਤੁਲਾਈ ਦੋਹਾਂ ਨਾਲ ਵਰਤਿਆ ਹੈ)।ਵਿਛਾਵਣ-ਵਿਛੌਣਾ।ਲੇਫੁ-ਰਜਾਈ।ਸਾਹਿਬ-ਹੇ ਮਾਲਕ!।੩੫।
ਵਿਆਖਿਆ = ਫਰੀਦ ਜੀ ਭੁੰਞੇ ਹੀ ਸੌਂਦੇ ਹੁੰਦੇ ਸਨ, ਕਿਸੇ ਨੇ ਦੇਖ ਕੇ ਕਿਹਾ ਮੰਜੇ ਤੇ ਸੌਂ ਲਿਆ ਕਰੋ।ਤਾਂ ਇਹ ਸਲੋਕ ਉਚਾਰਿਆ। ਖੁਦਾ ਦੇ ਵਿਛੋੜੇ ਦਾ ਦੁਖ ਦਰਸਾਇਆ ਹੈ।ਮਾਇਕ ਭੋਗ ਛਡ ਕੇ ਜੋ ਬਚੇ, ਉਹ ਚਿੰਤਾ (ਦੀਦਾਰ ਨਾ ਹੋਣ ਦੀ), ਦੁਖ, ਵਿਛੋੜਾ ਤੇ ਪ੍ਰੇਮ ਹਨ।ਹੇ ਸਾਂਈ! ਐਸੀ ਦਸ਼ਾ ਤੇ ਤਰਸ ਖਾ ਕੇ ਮੈਨੂੰ ਦਰਸ਼ਨ ਦੇਹ।੩੫।
ਬਿਰਹਾ ਬਿਰਹਾ ਆਖੀਐ, ਬਿਰਹਾ ਤੂ ਸੁਲਤਾਨੁ ॥ ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ, ਸੋ ਤਨੁ ਜਾਣੁ ਮਸਾਨੁ ॥੩੬॥ ਹੇ ਭਾਈ! ਵਿਛੋੜਾ ਵਿਛੋੜਾ ਆਖੀਦਾ ਹੈ (ਸਭ ਕੋਈ ਦੁਖ ਦੇਣ ਵਾਲਾ ਜਾਣ ਕੇ ਬੁਰਾ ਆਖਦਾ ਹੈ), ਪਰ ਹੇ ਵਿਛੋੜੇ! ਤੂੰ ਤਾਂ (ਸਾਰੇ ਸਾਧਨਾਂ ਦਾ) ਪਾਤਸ਼ਾਹ ਹੈਂ।(ਪਰ) ਫਰੀਦ ਜੀ ਆਖਦੇ ਹਨ ਕਿ ਜਿਸ ਸਰੀਰ ਵਿਚ ਵਿਛੋੜੇ (ਦਾ ਸਲ੍ਹ) ਪੈਦਾ ਨਹੀ ਹੁੰਦਾ, ਉਸ ਸਰੀਰ ਸਿਵਿਆਂ ਵਾਂਗ ਜਾਣੋ।੩੬।ਨਾਨਕ ਜਿਸੁ ਪਿੰਜਰ ਮਹਿ ਬਿਰਹਾ, ਨਹੀ ਸੋ ਪਿੰਜਰੁ ਲੈ ਜਾਰਿ। (੮੯)
ਪਦਾਰਥ = ਬਿਰਹਾ-ਵਿਛੋੜੈ ਦਾ ਦਰਦ; ਪ੍ਰੇਮ।ਜਿਤੁ ਤਨਿ-ਜਿਸ ਸਰੀਰ ਵਿਚ।ਜਾਣੁ-ਜਾਣੋ; ਸਮਝੋ।ਨ ਊਪਜੈ-ਪੈਦਾ ਨਹੀਂ ਹੁੰਦਾ। ਸੋ-ਉਹ।ਮਸਾਨੁ-ਮੜ੍ਹੀ (ਮੁਰਦੇ ਸਾੜਨ ਦੀ ਜਗ੍ਹਾ); ਮੁਰਦਾ (ਲੋਥ); ਪ੍ਰੇਤ।੩੬।
ਵਿਆਖਿਆ = ਵਿਛੋੜੇ ਦਾ ਦੁੱਖ ਮੇਲ ਦੀ ਇੱਛਾ ਪੈਦਾ ਕਰਦਾ ਹੈ।ਜਿਸ ਨੂੰ ਵਿਛੋੜਾ ਪ੍ਰਤੀਤ ਨਹੀ ਹੋਇਆ, ਉਸ ਨੂੰ ਮੇਲ ਨਹੀ ਹੋ ਸਕਦਾ।ਐਸਾ ਸਰੀਰ ਆਤਮਕ ਜੀਵਨ ਵੱਲੋਂ ਸੁੰਞਾ ਹੈ।ਬਿਰਹਾ ਸੁਲਤਾਨ ਇਸ ਕਰਕੇ ਹੈ ਕਿਉਂਕਿ ਬਰਤ, ਨੇਮ, ਤੀਰਥ ਸ਼ਨਾਨ, ਜੱਗ, ਦੇਵ ਪੂਜਾ ਆਦਿ ਸਾਧਨ, ਪ੍ਰੇਮ ਦੇ ਮੁਕਾਬਲੇ ਤੇ ਨਿਸਫਲ ਹਨ।੩੬।
ਫਰੀਦਾ ਏ ਵਿਸੁ ਗੰਦਲਾ, ਧਰੀਆਂ ਖੰਡੁ ਲਿਵਾੜਿ ॥ ਇਕਿ ਰਾਹੇਦੇ ਰਹਿ ਗਏ, ਇਕਿ ਰਾਧੀ ਗਏ ਉਜਾੜਿ ॥੩੭॥ ਹੇ ਫਰੀਦ! ਏਹ ਸੁੰਦਰ ਇਸਤ੍ਰੀਆਂ ਵਿਹੁ ਭਰੀਆਂ ਗੰਦਲਾਂ ਹਨ, ਜੋ ਖੰਡ ਨਾਲ ਲਿਬੇੜ ਕੇ ਧਰੀਆਂ ਹੋਈਆਂ ਹਨ (ਪਹਿਨਿਆ ਸੁੰਦਰ ਲਿਬਾਸ, ਗਹਿਣੇ ਜਾਂ ਸੁੰਦਰ ਗੋਰਾ ਰੰਗ ਖੰਡ ਹੈ, ਜਿਸ ਨੂੰ ਦੇਖ ਕੇ ਮਨੁੱਖ ਮੋਹਿਆ ਜਾਂਦਾ ਹੈ)।ਕਈ ਤਾਂ ਬੀਜਦੇ ਬੀਜਦੇ ਰਹਿ ਗਏ (ਭੋਗਦੇ ਭੋਗਦੇ ਨਾਸ਼ ਹੋ ਗਏ) ਕਈ ਬੀਜੀ ਹੋਈ ਨੂੰ ਉਜਾੜ ਗਏ ਭਾਵ ਛੱਡ ਗਏ (ਭੋਗ ਕੇ ਤਿਆਗੀ ਹੋ ਗਏ); ਇਕ ਤਾਂ ਤਾਂ ਇਸਤ੍ਰੀ ਸੰਗ

ਤੋਂ ਪਹਿਲਾਂ ਹੀ ਵਿਰੱਕਤ ਹੋ ਕੇ ਨਿਕਲ ਗਏ, ਇਕ ਭੋਗ ਕੇ (ਦੁਖੀ ਹੋ ਕੇ ਆਪਾ) ਉਜਾੜ ਕਰ ਗਏ (ਭਾ. ਵੀਰ ਸਿੰਘ)।੩੭।
ਪਦਾਰਥ = ਏ-ਇਹ।ਵਿਸੁ ਗੰਦਲਾ-ਜਹਿਰ ਦੀਆਂ ਗੰਦਲਾਂ (ਇਸਤ੍ਰੀਆਂ; ਵਿਸ਼ੇ ਭੋਗ; ਮਾਇਕ ਪਦਾਰਥ); ਪਰ ਇਸਤ੍ਰੀ ਗਾਮੀ। ਲਿਵਾੜਿ-ਲਿਬੇੜ ਕੇ।ਇਕਿ-ਕਈ ਮਨੁੱਖ।ਰਾਹੇਦੇ-ਬੀਜਦੇ (ਭੋਗਦੇ) ਹੋਏ।ਰਹਿ ਗਏ-ਮਰ ਗਏ।ਰਾਧੀ-ਬੀਜੀ ਹੋਈ।੩੭।
ਵਿਆਖਿਆ = ਕਈ ਤਾਂ ਔਰਤਾਂ ਦੇ ਵਿਸ਼ੇ ਭੋਗ ਵਿਚ ਗਲਤਾਨ ਹੋ ਕੇ ਪ੍ਰਮਾਰਥ ਤੋਂ ਰਹਿ ਗਏ।ਇਹ ਉਨ੍ਹਾਂ ਵੱਲ ਸੰਕੇਤ ਹੈ ਜਿਹੜੇ ਸਾਧੂ ਬਣ ਕੇ ਵੀ ਪਰਾਈ ਔਰਤਾਂ ਦੇ ਭੋਗਾਂ ਦੀ ਰੁਚੀ ਨਹੀ ਛਡਦੇ।ਕਈ ਵਿਸ਼ੇ ਭੋਗਾਂ ਵਿਚ ਪੈ ਤਾਂ ਜਾਂਦੇ ਹਨ, ਪਰ ਸੁਰਤ ਸੰਭਲਨ ਤੇ ਛਡ ਜਾਂਦੇ ਹਨ (ਵਿਸ਼ੇ ਭੋਗ ਦਾ ਅਨੰਦ ਪਾਪ ਦਾ ਬੀਜ ਹੈ)।ਇਸ ਸਲੋਕ ਰਾਹੀਂ ਇਕ ਵੇਸਵਾ ਗਾਮੀ ਨੂੰ ਬਾਬਾ ਜੀ ਨੇ ਸਿਖਿਆ ਦਿਤੀ ਸੀ।੩੭।
ਫਰੀਦਾ ਚਾਰਿ ਗਵਾਇਆ ਹੰਢਿ ਕੈ, ਚਾਰਿ ਗਵਾਇਆ ਸੰਮਿ ॥ ਲੇਖਾ ਰਬੁ ਮੰਗੇਸੀਆ, ਤੂ ਆਂਹੋ ਕੇਰ੍ਹੇ ਕੰਮਿ ॥੩੮॥ ਫਰੀਦ ਜੀ ਕਹਿੰਦੇ ਹਨ, ਹੇ ਮਨੁੱਖ! ਦਿਨ ਦੇ ਚਾਰ ਪਹਿਰ ਤੈਂ (ਇਧਰ ਉਧਰ) ਘੁੰਮ ਫਿਰ ਕੇ ਗੁਆ ਦਿਤੇ ਤੇ ਰਾਤ ਦੇ ਚਾਰ ਪਹਿਰ ਸੌਂ ਕੇ (ਵਿਅਰਥ) ਗੁਆ ਦਿਤੇ ਹਨ {ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ੧੫੬}।(ਜਿਸ ਵੇਲੇ ਤੇਰੇ ਕੋਲੋਂ) ਰੱਬ ਲੇਖਾ ਮੰਗੇਗਾ (ਅਤੇ ਪੁਛੇਗਾ ਕਿ ਸੰਸਾਰ ਵਿਚ) ਤੂੰ ਕੀ ਕੰਮ ਕਰਕੇ ਆਇਆ ਹੈਂ? ਜਾਂ ਕਿਹੜੇ ਕੰਮ ਕਰਨ ਆਇਆ ਸੀ (ਸੰਸਾਰ ਵਿਚ ਤਾਂ ਕੀ ਜਵਾਬ ਦੇਵੇਂਗਾ?)।੩੮।
ਪਦਾਰਥ = ਚਾਰਿ-ਚਾਰ ਪਹਿਰਾਂ ਦਾ ਦਿਨ।ਚਾਰਿ-ਚਾਰ ਪਹਿਰਾਂ ਦੀ ਰਾਤ।ਹੰਢਿ-ਘੁੰਮ ਫਿਰ ਕੇ।ਸੰਮਿ-ਸੌਂ ਕੇ।ਮੰਗੇਸੀਆ-ਮੰਗੇਗਾ।ਆਂਹੋ-ਆਇਆ ਸੀ।ਕੇਰ੍ਹੇ-ਕਿਹੜੇ।੩੮।
ਫਰੀਦਾ ਦਰਿ ਦਰਵਾਜੈ ਜਾਇ ਕੈ, ਕਿਉ ਡਿਠੋ ਘੜੀਆਲੁ ॥ ਏਹੁ ਨਿਦੋਸਾਂ ਮਾਰੀਐ, ਹਮ ਦੋਸਾਂ ਦਾ ਕਿਆ ਹਾਲੁ ॥੩੯॥ ਹੇ ਫਰੀਦ! (ਕਚਹਿਰੀ ਦੇ) ਦਰਵਾਜੇ ਤੇ ਜਾ ਕੇ ਕੀ ਤੈਂ ਘੜਿਆਲ ਵਜਦਾ ਦੇਖਿਆ ਹੈ? ਏਹ ਨਿਰਦੋਸ਼ (ਘੜਿਆਲ) ਨੂੰ ਮਾਰ ਪੈਂਦੀ ਹੈ, ਸਾਡਾ ਦੋਸ਼ੀਆਂ ਦਾ ਕੀ ਹਾਲ ਹੋਵੇਗਾ?।੩੯।
ਪਦਾਰਥ = ਦਰਿ ਦਰਵਾਜੈ-ਕਚਹਿਰੀ ਜਾਂ ਰਾਜਿਆਂ ਦੇ ਦਰਵਾਜੇ ਤੇ।ਘੜੀਆਲੁ-ਪੁਰਾਣੇ ਸਮੇਂ ਵਿਚ ਸਮਾਂ ਦਸਣ ਵਾਸਤੇ ਸ਼ਹਿਰਾਂ ਜਾਂ ਮੁਖ ਦਫਤਰਾਂ ਦੇ ਦਰਵਾਜਿਆਂ ਤੇ ਕਾਂਸੀ ਦੇ ਵੱਡੇ ਵੱਡੇ ਘੜਿਆਲ ਲੱਗੇ ਹੁੰਦੇ ਸੀ, ਜਿਨ੍ਹਾਂ ਨੂੰ ਨਿਸਚਿਤ ਸਮੇਂ ਬਜਾ ਕੇ ਸਮਾਂ ਸੂਚਤ ਕੀਤਾ ਜਾਂਦਾ ਸੀ।ਕਿਉ-ਕੀ? ਡਿਠੋ-ਦੇਖਿਆ ਹੈ। ਨਿਦੋਸਾਂ-ਨਿਰਦੋਸ਼ਾਂ ਨੂੰ।ਹਮ ਦੋਸਾਂ ਦਾ-ਸਾਡਾ ਦੋਸ਼ੀਆਂ ਦਾ।੩੯।
ਘੜੀਏ ਘੜੀਏ ਮਾਰੀਐ, ਪਹਰੀ ਲਹੈ ਸਜਾਇ ॥ ਸੋ ਹੇੜਾ ਘੜੀਆਲ ਜਿਉ, ਡੁਖੀ ਰੈਣਿ ਵਿਹਾਇ ॥੪੦॥ (ਘੜਿਆਲ ਹਰੇਕ) ਘੜੀ ਪਿੱਛੋਂ ਮਾਰ ਖਾਂਦਾ ਹੈ, (ਅਤੇ ਇਕ ਪਹਿਰ ਬੀਤ ਜਾਣ ਪਿੱਛੋਂ) ਬਹੁਤੀ ਸਜਾ ਲੈਂਦਾ (ਬਹੁਤ ਚੋਟਾਂ ਖਾਂਦਾ ਹੈ।ਉਹ ਮਨੁੱਖਾ ਸਰੀਰ ਵੀ ਘੜਿਆਲ ਵਾਂਗ ਹੈ, (ਭਜਨ ਤੋਂ ਹੀਣ ਕਰਕੇ, ਜਿਸ ਦੀ ਜੀਵਨ ਦੀ) ਰਾਤ ਦੁੱਖਾਂ ਵਿਚ ਬੀਤਦੀ ਹੈ।੪੦।
ਪਦਾਰਥ = ਘੜੀਏ ਘੜੀਏ-ਹਰੇਕ ਘੜੀ।ਮਾਰੀਐ-ਮਾਰਿਆ ਜਾਂਦਾ (ਮਾਰ ਪੈਂਦੀ) ਹੈ।ਪਹਰੀ-ਹਰੇਕ ਪਹਿਰ (ਜਿੰਨੇ ਪਹਿਰ ਬੀਤ ਜਾਣ, ਘੜਿਆਲ ਤੇ ਉਸ ਗਿਣਤੀ ਦੀਆਂ ਚੋਟਾਂ ਮਾਰੀਆਂ ਜਾਂਦੀਆਂ ਹਨ)।ਸੋ-ਉਹ।ਹੇੜਾ-ਸਰੀਰ।ਡੁਖੀ-ਦੁਖਾਂ ਵਿਚ।ਰੈਣਿ-(ਜੀਵਨ ਦੀ) ਰਾਤ।ਵਿਹਾਇ-ਬੀਤਦੀ ਹੈ।੪੦।
ਅੰਗ ੧੩੮੦ = ਬੁਢਾ ਹੋਆ ਸੇਖ ਫਰੀਦੁ, ਕੰਬਣਿ ਲਗੀ ਦੇਹ ॥ ਜੇ ਸਉ ਵਰ੍ਹਿਆ ਜੀਵਣਾ, ਭੀ ਤਨੁ ਹੋਸੀ ਖੇਹ ॥੪੧॥ (ਬੁਢੇਪੇ ਦੀ ਹਾਲਤ ਦਸਦੇ ਹਨ) ਸ਼ੇਖ ਫਰੀਦ ਬੁੱਢਾ ਹੋ ਗਿਆ ਹੈ ਤੇ ਦੇਹ (ਕਮਜੋਰੀ ਕਰਕੇ) ਕੰਬਣ ਲਗ ਗਈ ਹੈ।(ਮਨੁੱਖ ਲੰਬੀ ਉਮਰ ਲੋੜਦਾ ਹੈ) ਜੇ ਸੌ ਸਾਲ ਵੀ ਜਿਉਣਾ (ਮਿਲ ਜਾਵੇ) ਤਾਂ ਵੀ ਅੰਤ ਨੂੰ ਸਰੀਰ ਮਿੱਟੀ ਹੀ ਹੋ ਜਾਵੇਗਾ।੪੧।

ਬਿਨੁ ਸਿਮਰਨ ਕੋਟਿ ਬਰਖ ਜੀਵੈ ਸਗਲੀ ਅਉਧ ਬ੍ਰਿਥਾਨਦ। (੧੨੦੪)

ਪਦਾਰਥ = ਦੇਹ-ਸਰੀਰ।ਸਉ ਵਰ੍ਹਿਆ-ਸੌ ਸਾਲ।ਤਨੁ-ਸਰੀਰ।ਹੋਸੀ ਖੇਹ-ਮਿੱਟੀ ਹੋ ਜਾਵੇਹਾ।੪੧।
ਉਥਾਨਕਾ = ਸਿਆਲਾਂ ਦੀ ਰੁੱਤ ਸੀ, ਇਕ ਦਿਨ ਤਪ ਕਰਦੇ ਫਰੀਦ ਜੀ ਨੂੰ ਠੰਢ ਬੜੀ ਲੱਗੀ।ਤਾਂ ਆਪ ਜੀ ਦਾਣੇ ਭੁੰਨਣ ਵਾਲੀ ਬਲਦੀ ਭੱਠੀ ਕੋਲ ਜਾ ਕੇ ਅੱਗ ਸੇਕਣ ਲਗ ਗਏ।ਭੱਠੀ ਦਾ ਮਾਲਕ ਆਖਦਾ ਕਿ ਬਾਬਾ ਜੀ ਅੱਗ ਸੇਕੀ ਵੀ ਜਾਓ ਤੇ ਨਾਲੇ ਭੱਠੀ ਵਿਚ ਬਾਲਣ ਵੀ ਪਾਈ ਜਾਓ।ਸੇਕਦਿਆਂ ਹੋਇਆਂ ਆਪ ਜੀ ਦੀ ਸਮਾਧੀ ਲਗ ਗਈ, ਤਾਂ ਬਾਲਣ ਨਾ ਪੈਂਦਾ ਦੇਖ ਕੇ ਭਠੀ ਮਾਲਕ ਮਾੜੇ ਬਚਨ ਬੋਲਣ ਲੱਗਾ।ਉਸ ਵੇਲੇ ਫਰੀਦ ਜੀ ਨੇ ਇਹ ਸਲੋਕ ਉਚਾਰਿਆ =
ਫਰੀਦਾ ਬਾਰਿ ਪਰਾਇਐ ਬੈਸਣਾ, ਸਾਂਈ ਮੁਝੈ ਨ ਦੇਹਿ ॥ ਜੇ ਤੂ ਏਵੈ ਰਖਸੀ, ਜੀਉ ਸਰੀਰਹੁ ਲੇਹਿ ॥੪੨॥ ਫਰੀਦ ਜੀ ਕਹਿੰਦੇ ਹਨ, ਹੇ ਸਾਂਈ! (ਮੇਰੇ ਤੇ ਰਹਿਮ ਕਰ, ਦੁਨੀਆਂਵੀ ਸੁੱਖਾਂ ਲਈ) ਮੈਨੂੰ ਪਰਾਏ ਬੂਹੇ ਤੇ ਨਾ ਬੈਠਣ ਦੇਈਂ।(ਹੇ ਖੁਦਾ!) ਜੇ ਤੂੰ ਮੈਨੂੰ ਇਸੇ ਤਰ੍ਹਾਂ (ਪਰਾਏ ਅਧੀਨ) ਰਖਣਾ ਹੈ, ਤਾਂ ਮੇਰੇ ਸਰੀਰ ਵਿਚੋਂ ਜਿੰਦ ਕੱਢ ਲੈ।੪੨।
ਪਦਾਰਥ = ਬਾਰਿ-ਦਰਵਾਜਾ।ਪਰਾਇਐ-ਪਰਾਇਆ।ਬੈਸਣਾ-ਬੈਠਣਾ।ਸਾਂਈ-ਹੇ ਖੁਦਾ!।ਮੁਝੈ-ਮੈਨੂੰ।ਏਵੈ-ਇਸੇ ਤਰ੍ਹਾਂ।ਰਖਸੀ-

ਰੱਖਣਾ ਹੈ। ਜੀਉ–ਜਿੰਦ। ਸਰੀਰਹੁ–ਸਰੀਰ ਵਿਚੋਂ। ਲੇਹਿ–(ਕੱਢ) ਲੈ।੪੨।

ਵਿਆਖਿਆ = ਹੇ ਖੁਦਾ! ਮੈਨੂੰ ਦੂਜਿਆਂ ਦੇ ਆਸਰੇ (ਪਰਾਏ ਅਧੀਨ) ਨਾ ਰੱਖੀਂ। ਜੇ ਮੈਨੂੰ ਇਸੇ ਤਰ੍ਹਾਂ ਦੂਜਿਆਂ ਦੇ ਅਧੀਨ ਰੱਖਣਾ ਹੈ ਤਾਂ ਮੇਰੀ ਜਾਨ ਲੈ ਲਾ (ਪਰਾਏ ਅਧੀਨ ਦੇ ਦੁੱਖ ਨਾਲੋਂ ਤਾਂ ਮੌਤ ਚੰਗੀ ਹੈ)। ਜਾਂ ਰੱਬ ਨੂੰ ਛਡ ਕੇ ਕਿਸੇ ਦੂਜੇ ਦੇ ਦਰ ਦਾ ਮੰਗਤਾ ਬਣ ਜਾਣ ਨਾਲੋਂ ਮਰਨਾ ਚੰਗਾ ਹੈ। ਜਾ ਕਾ ਠਾਕੁਰੁ ਊਚਾ ਹੋਈ। ਸੋ ਜਨੁ ਪਰ ਘਰ ਜਾਤ ਨ ਸੋਹੀ। (੩੩੦)

ਕੰਧਿ ਕੁਹਾੜਾ ਸਿਰਿ ਘੜਾ, ਵਣਿ ਕੈ ਸਰੁ ਲੋਹਾਰੁ ॥ ਫਰੀਦਾ ਹਉ ਲੋੜੀ ਸਹੁ ਆਪਣਾ, ਤੂ ਲੋੜਹਿ ਅੰਗਿਆਰ ॥੪੩॥ ਹੇ ਲੁਹਾਰ! ਤੂੰ ਮੋਢੇ ਤੇ ਕੁਹਾੜਾ ਅਤੇ ਸਿਰ ਉਤੇ ਪਾਣੀ ਦਾ ਘੜਾ ਰੱਖ ਕੇ ਵਣੀ ਦੇ ਸਿਰ ਤੇ ਆਣ ਖਲੋਤਾ ਹੈਂ ਜਾਂ ਵਣੀ ਦੇ ਸਿਰੇ (ਕੋਨੇ) ਤੇ ਆ ਖੜਾ ਹੈਂ (ਬੈਰੀ ਬਣ ਕੇ)। ਫਰੀਦ ਜੀ (ਲੁਹਾਰ ਨੂੰ) ਕਹਿੰਦੇ ਹਨ, ਮੈਂ ਤਾਂ ਅਪਣੇ ਮਾਲਕ (ਖੁਦਾ) ਨੂੰ ਮਿਲਣਾ ਚਾਹੁੰਦਾ ਹਾਂ, (ਇਹ ਰੁੱਖ ਮੇਰੇ ਮਿਤ੍ਰ ਹਨ, ਮੈਂ ਇਨ੍ਹਾਂ ਦੇ ਫਲ ਖਾਂਦਾ ਹਾਂ, ਥੱਲੇ ਬੈਠ ਕੇ ਬੰਦਗੀ ਕਰਦਾ ਹਾਂ, ਇਨ੍ਹਾਂ ਨੂੰ ਵੱਢ ਕੇ) ਤੂੰ ਕੋਲੇ ਬਣਾਉਣਾ ਚਾਹੁੰਦਾ ਹੈਂ। ਭਾਵ ਅਰਥ = ਜਮ ਨੂੰ ਆਖਦੇ ਹਨ ਕਿ ਤੇਰੇ ਮੋਢੇ ਤੇ ਕਾਲ ਰੂਪ ਕੁਹਾੜਾ ਅਤੇ ਸਿਰ ਉਤੇ (ਹਰੀ ਦਾ) ਹੁਕਮ ਰੂਪ ਘੜਾ ਹੈ, ਸਰੀਰ ਰੂਪ ਵਣੀ ਦੇ ਸਿਰ ਉਤੇ ਤੂੰ ਆ ਖੜਾ ਹੋਇਆ ਹੈਂ। ਪਰ ਮੈਂ ਤਾਂ ਅਪਣੇ ਖੁਦਾ ਨੂੰ ਮਿਲਣਾ ਚਾਹੁੰਦਾ ਹਾਂ, ਤੂੰ ਮੈਨੂੰ ਕੋਲੇ ਕਰਨਾ (ਮਾਰਨਾ) ਲੋੜਦਾ ਹੈਂ।੪੩।

ਪਦਾਰਥ = ਕੰਧਿ–ਮੋਢੇ ਉਤੇ। ਸਿਰਿ ਘੜਾ–ਸਿਰ ਉਤੇ ਘੜਾ। ਵਣਿ ਕੈ ਸਰੁ–ਵਣੀ ਦੇ ਸਿਰ ਤੇ; ਵਣੀ ਦੇ ਸਿਰੇ (ਕੋਨੇ) ਤੇ; ਵਣ ਦੇ ਸਿਰ ਨੂੰ ਭਾਵ ਰੁੱਖ ਦੇ ਸਿਰ (ਜੜ) ਨੂੰ ਵੱਢਣ ਲਈ। ਹਉ–ਮੈਂ। ਲੋੜੀ–ਚਾਹੁੰਦਾ ਹਾਂ। ਸਹੁ–ਮਾਲਕ ਨੂੰ। ਅੰਗਿਆਰ–ਕੋਲੇ।੪੩।

ਮੇਰਾ ਖਿਆਲ ਃ–ਲੁਹਾਰ ਵਣੀਆਂ ਵਿਚ ਜਾ ਕੇ ਸੁੱਕੀਆਂ ਲੱਕੜਾਂ ਦੇਖ ਕੇ ਕੁਹਾੜੇ ਨਾਲ ਵੱਢਦਾ ਹੈ। ਉਸ ਕੋਲ ਪਾਣੀ ਦਾ ਘੜਾ ਵੀ ਹੁੰਦਾ ਹੈ। ਪਾਣੀ ਲੁਹਾਰ ਦੇ ਤਿੰਨ ਕੰਮ ਸਾਰਦਾ ਹੈ। ਇਕ ਤਾਂ ਪਿਆਸ ਲਗਣ ਤੇ ਪਾਣੀ ਪੀਂਦਾ ਹੈ, ਦੂਜੇ ਲੱਕੜਾਂ ਵੱਢ ਕੇ ਕੋਲੇ ਕਰ ਕੇ ਪਾਣੀ ਨਾਲ ਠੰਢੇ ਕਰਦਾ ਹੈ। ਤੀਜੇ ਖਾਲੀ ਘੜੇ ਵਿਚ ਕੋਲੇ ਪਾਕੇ ਘਰ ਨੂੰ ਲੈ ਆਉਂਦਾ ਹੈ। ਲੁਹਾਰ ਦਾ ਇਹ ਕੰਮ ਦੇਖ ਕੇ ਫਰੀਦ ਜੀ ਨੇ ਲੁਹਾਰ ਨੂੰ ਸਿਖਿਆ ਦਿਤੀ ਹੈ। ਸੰਸਾਰ ਵਣ ਹੈ, ਇਸ ਵਿਚ ਦੋ ਤਰ੍ਹਾਂ ਦੇ ਮਨੁੱਖ ਹਨ। ਇਕ ਕੋਲੇ ਬਣਾਉਣ (ਜੀਵਨ ਵਿਅਰਥ ਗੁਆ ਦੇਣ) ਵਾਲੇ ਹਨ। ਦੂਜੇ ਵਣ ਵਿਚ ਰਹਿ ਕੇ ਰੱਬ ਨੂੰ ਖੋਜਣ ਵਾਲੇ। ਫਰੀਦ ਜੀ ਨੇ ਸੰਸਾਰ ਵਣ ਨੂੰ {ਫਰੀਦਾ ਭੂਮਿ ਰੰਗਾਵਲੀ ਮੰਝਿ ਵਿਸੂਲਾ ਬਾਗੁ ੧੩੮੨} ਕਿਹਾ ਹੈ। ਕਈ ਅਜੇਹੇ ਹਨ ਜੋ ਸੰਸਾਰ ਤੇ (ਲੁਹਾਰ ਦੇ ਰੁੱਖਾਂ ਨੂੰ ਕੱਟਣ ਵਾਂਗ) ਜੁਲਮ ਕਰਦੇ ਹਨ। ਗਿਣਤੀ ਦੇ ਦਰਵੇਸ਼ ਹਨ ਜੋ ਸੰਸਾਰ ਦੇ ਲੋਕਾਂ ਦੀ ਸੇਵਾ ਕਰਦੇ ਹਨ ਅਤੇ ਸਭ ਨੂੰ ਰੱਬ ਦੀ ਉਪਜ ਮੰਨ ਕੇ ਪਿਆਰ ਕਰਦੇ ਹਨ {ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ} ਅਤੇ ਸਾਂਈ ਨੂੰ ਪਾ ਲੈਂਦੇ ਹਨ। ਫਰੀਦ ਜੀ ਜੰਗਲ ਨੂੰ ਪਿਆਰ ਕਰਦੇ ਹਨ ਕਿਉਂਕਿ ਇਨ੍ਹਾਂ ਰੁੱਖਾਂ ਦੇ ਪੱਤੇ, ਫਲ ਖਾਂਦੇ, ਰੁਖਾਂ ਦੀ ਛਾਂ ਧੁੱਪ ਮੀਂਹ ਤੋਂ ਬਚਾਉਂਦੀ ਸੀ। ਇਨ੍ਹਾਂ ਵਿਚ ਹੀ ਫਰੀਦ ਜੀ ਨੂੰ ਰੱਬ ਦਿਖਦਾ ਸੀ। ਇਸੇ ਕਰਕੇ ਲੁਹਾਰ ਦੇ ਕੰਮ ਨੂੰ ਤਰਕ ਮਾਰਦੇ ਹਨ। ਭਾ: ਵੀਰ ਸਿੰਘ ਦਾ ਨੋਟਃ– ਵਣ ਦੇ ਅਰਥ ਜੰਗਲ, ਤੇ ਦਰੱਖਤ ਵੀ ਹਨ। ਪੀਲੂ ਨੂੰ ਵੀ ਵਣ ਆਖਦੇ ਹਨ। ਪਹਾੜ ਵਿਚ ਵੀ ਇਕ ਬ੍ਰਿਛ ਦਾ ਨਾਮ ਬਨ (ਬਾਨ) ਹੈ। ਵਣਿ ਜਾਂ ਵਣੀ ਦਾ ਅਰਥ ਹੈ ਬ੍ਰਿਛਾਂ ਦਾ ਝੁੰਡ। ਵਣਿ ਕੈ ਸਰੁ ਦਾ ਅਰਥ:– ਵਣੀ ਦਾ ਟੋਭਾ (ਛੱਪੜ) ਭਾਵ ਵਣੀ ਵਿਚ ਪਾਣੀ ਦਾ ਛੱਪੜ। ਫਰੀਦ ਜੀ ਦੇ ਪਿੰਡ ਦੇ ਲਾਗੇ ਕੋਈ ਵਣੀ ਹੈ, ਜਿਸ ਵਿਚ ਪਾਣੀ ਦਾ ਟੋਭਾ ਵੀ ਹੈ। ਫਰੀਦ ਜੀ ਪਾਣੀ ਦੀ ਨੇੜਤਾ ਦੇਖਕੇ ਵਣੀ ਵਿਚ ਜਾਂਦੇ ਹਨ। ਜੱਸਾ ਲੁਹਾਰ ਵੀ ਵਣੀ ਵਿਚ ਪਾਣੀ ਦੇਖ ਕੇ ਹੀ ਆਉਂਦਾ ਹੈ। ਲੁਹਾਰ ਲਕੜਾਂ ਸਾੜ ਕੇ ਅੱਗ ਬੁਝਾ ਕੇ ਕੋਲੇ ਬਣਾਉਂਦਾ ਹੈ। ਇਸ ਤਰ੍ਹਾਂ ਦੋਹਾਂ ਦਾ ਵਾਰਤਾਲਾਪ ਜੋ ਹੋਇਆ, ਉਹ ਸਲੋਕ ਵਿਚ ਦਰਜ ਹੈ।੪੩।

ਫਰੀਦਾ ਇਕਨਾ ਆਟਾ ਅਗਲਾ, ਇਕਨਾ ਨਾਹੀ ਲੋਣੁ ॥ ਅਗੈ ਗਏ ਸਿਞਾਪਸਨਿ, ਚੋਟਾਂ ਖਾਸੀ ਕਉਣੁ ॥੪੪॥ ਫਰੀਦ ਜੀ ਆਖਦੇ ਹਨ ਕਿ ਇਕਨਾ ਕੋਲ (ਪਦਾਰਥ ਰੂਪ) ਆਟਾ ਬਹੁਤ ਹੈ (ਬਹੁਤ ਅਮੀਰ ਹਨ) ਤੇ ਇਕਨਾ ਕੋਲ ਲੂਣ ਵੀ ਨਹੀ (ਆਟੇ ਵਿਚ ਲੂਣ ਪਾਉਣ ਨੂੰ ਵੀ ਨਹੀਂ, ਬੜੇ ਗਰੀਬ ਹਨ)। ਅੱਗੇ ਦਰਗਾਹ ਵਿਚ ਗਏ ਹੋਏ ਸਾਰੇ ਪਛਾਣੇ ਜਾਣਗੇ ਕਿ ਕੌਣ ਚੋਟਾਂ ਖਾਂਦਾ ਹੈ (ਅਮੀਰ ਜਾਂ ਗਰੀਬ ਵਿਚੋ ਕਿਸ ਨੂੰ ਸਜਾ ਮਿਲਦੀ ਹੈ?)।੪੪।

ਪਦਾਰਥ = ਇਕਨਾ–ਕਈਆਂ ਮਨੁੱਖਾਂ ਕੋਲ। ਆਟਾ–(ਪਦਾਰਥਾਂ ਰੂਪ) ਆਟਾ। ਅਗਲਾ–ਬਹੁਤ। ਲੋਣੁ–ਲੂਣ। ਅਗੈ–ਅੱਗੇ ਪ੍ਰਲੋਕ ਵਿਚ। ਸਿਞਾਪਸਨਿ–ਪਛਾਣੇ ਜਾਣਗੇ। ਖਾਸੀ–ਖਾਵੇਗਾ।੪੪।

ਵਿਆਖਿਆ = ਪਾਪ ਕਰਮ ਕਰਕੇ ਜੋ ਲੋਕ ਅਮੀਰ ਬਣਦੇ ਹਨ, ਧਨ ਪਦਾਰਥ ਕੱਠਾ ਕਰ ਲੈਂਦੇ ਹਨ, ਅਗੇ ਜਾ ਕੇ ਸਜਾ ਭੁਗਤਦੇ ਹਨ। ਇਕ ਗਰੀਬ ਹੋ ਕੇ ਧਰਮ ਦੀ ਕਿਰਤ ਕਰਕੇ ਹਰੀ ਨੂੰ ਯਾਦ ਕਰਦੇ ਹਨ, ਉਹ ਦਰਗਾਹ ਵਿਚ ਸੁਖੀ ਹੁੰਦੇ ਹਨ। ਆਮ ਤੌਰ ਤੇ ਧਰਮ ਦੀ ਕਿਰਤ ਨਾਲ ਬੰਦਾ ਬਹੁਤੀ ਸੰਪਤੀ ਨਹੀ ਬਣਾ ਸਕਦਾ।੪੪। ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ।(੪੧੭)

ਪਾਸਿ ਦਮਾਮੇ ਛਤੁ ਸਿਰਿ, ਭੇਰੀ ਸਡੋ ਰਡ ॥ ਜਾਇ ਸੁਤੇ ਜੀਰਾਣ ਮਹਿ, ਥੀਏ ਅਤੀਮਾ ਗਡ ॥੪੫॥ ਜਿਨ੍ਹਾਂ ਪਾਸ ਨਗਾਰੇ (ਰਾਜ ਦਾ ਚਿਨ੍ਹ) ਵਜਦੇ ਸਨ, ਸਿਰ ਉਤੇ ਛਤ੍ਰ ਝੂਲਦੇ ਸਨ, ਭੇਰੀਆਂ ਵਜਦੀਆਂ ਸਨ ਅਤੇ ਭੱਟ ਆ ਕੇ (ਜਸ ਦੇ) ਛੰਦ ਗਾਉਂਦੇ ਸਨ। (ਐਸੇ

ਬੜੇ ਬੜੇ ਰੁਤਬਿਆਂ ਵਾਲੇ ਮਨੁੱਖ ਵੀ) ਕਬਰਾਂ ਵਿਚ ਜਾ ਸੁੱਤੇ ਹਨ ਤੇ ਯਤੀਮਾਂ ਵਾਂਗ (ਜਮੀਨ ਵਿਚ) ਗੱਡੇ ਹੋਏ ਹਨ।੪੫।

ਪਦਾਰਥ = ਪਾਸਿ–(ਜਿਨ੍ਹਾਂ ਦੇ) ਕੋਲ।ਦਮਾਮੇ–ਨਗਾਰੇ।ਛਤੁ ਸਿਰਿ–ਸਿਰ ਉਤੇ ਛਤਰ।ਭੇਰੀ–ਡਫਲੀ; ਢੋਲ।ਸਡੋ–ਸੱਦ; ਛੰਦ (ਉਸਤਤੀ ਦੇ)।ਰਡ–ਭੱਟ (ਜਸ ਗਾਉਂਦੇ ਹਨ)।ਜੀਰਾਣ ਮਹਿ–ਕਬਰਿਸਤਾਨ ਵਿਚ।ਥੀਏ ਅਤੀਮਾ ਗਡ–ਯਤੀਮਾਂ (ਨਿਆਸਰਿਆਂ) ਵਾਂਗ ਗੱਡੇ ਗਏ ਹਨ।੪੫।

ਵਿਆਖਿਆ = ਬੜੇ ਬੜੇ ਰਾਜੇ, ਅਮੀਰ ਲੋਕ ਐਸ਼ ਦੀ ਜਿੰਦਗੀ ਭੋਗਦੇ ਸਨ ਤੇ ਹੰਕਾਰ ਕਰਕੇ ਅਪਣੇ ਆਪ ਨੂੰ ਵੱਡੇ ਕਹਾਉਂਦੇ ਸਨ।ਮਰ ਕੇ ਕਬਰਾਂ ਵਿਚ ਲਾ ਵਾਰਿਸ ਪਏ ਹਨ, ਜਿਵੇਂ ਹੋਰ ਯਤੀਮ ਗੱਡੇ ਪਏ ਹਨ।੪੫।

ਫਰੀਦਾ ਕੋਠੇ ਮੰਡਪ ਮਾੜੀਆ, ਉਸਾਰੇ ਦੇ ਭੀ ਗਏ ॥ ਕੂੜਾ ਸਉਦਾ ਕਰਿ ਗਏ, ਗੋਰੀ ਆਇ ਪਏ ॥੪੬॥ ਫਰੀਦਾ ਜੀ ਆਖਦੇ ਹਨ ਕਿ ਕੋਠੇ, ਵੱਡੇ ਮਹਿਲ ਤੇ ਹਵੇਲੀਆਂ ਆਦਿ ਨੂੰ ਉਸਾਰਨ ਵਾਲੇ ਵੀ ਮਰ ਗਏ ਹਨ।(ਉਹ ਅਪਣੇ ਜੀਵਨ ਵਿਚ) ਝੂਠਾ ਸੌਦਾ ਕਰ ਕੇ ਮਰ ਗਏ (ਅੰਤ ਨੂੰ) ਕਬਰਾਂ ਵਿਚ ਆ ਪਏ ਹਨ।੪੬।

ਪਦਾਰਥ = ਮੰਡਪ–ਮਹਿਲ।ਕੋਠੇ–ਇਕ ਛੱਤੇ ਮਕਾਨ।ਮਾੜੀਆ–ਹਵੇਲੀਆਂ।ਉਸਾਰੇਦੇ–ਉਸਾਰਨ ਵਾਲੇ।ਭੀ ਗਏ–ਵੀ ਮਰ ਗਏ। ਕੂੜਾ ਸਉਦਾ–ਝੂਠਾ ਸੌਦਾ (ਜੋ ਨਾਲ ਨਹੀਂ ਨਿਭਦਾ)।ਗੋਰੀ–ਕਬਰਾਂ ਵਿਚ।੪੬।

ਵਿਆਖਿਆ = ਮਹਿਲ ਮਾੜੀਆਂ ਉਸਾਰਨਾ, ਹਰੀ ਭਜਨ ਤੋਂ ਬਿਨਾ ਕੂੜਾ ਸੌਦਾ ਹੈ।ਬਣਾਉਣ ਵਾਲੇ ਵੀ ਮਰ ਗਏ (ਕੋਈ ਧਰਮ ਸਥਾਨ ਤਾਂ ਬਣਾਇਆ ਨਹੀ, ਅਪਣੇ ਨਿੱਜੀ ਮਹਿਲ ਹਵੇਲੀਆਂ ਹੀ ਬਣਾਉਂਦਾ ਰਿਹਾ) ਅਤੇ ਇਨ੍ਹਾਂ ਮਹਿਲ ਮਾੜੀਆਂ ਨੇ ਵੀ ਸਦਾ ਨਹੀ ਰਹਿਣਾ।

ਫਰੀਦਾ ਖਿੰਥੜਿ ਮੇਖਾ ਅਗਲੀਆ, ਜਿੰਦੁ ਨ ਕਾਈ ਮੇਖ ॥ ਵਾਰੀ ਆਪੋ ਆਪਣੀ, ਚਲੇ ਮਸਾਇਕ ਸੇਖ ॥੪੭॥ (ਇਕ ਫਕੀਰ ਬਹੁਤ ਟਾਕੀਆਂ ਵਾਲੀ ਗੋਦੜੀ ਪਾਈ ਬੈਠਾ ਸੀ, ਉਸ ਨੂੰ) ਫਰੀਦ ਜੀ ਸਿਖਿਆ ਦੇਂਦੇ ਹਨ, ਹੇ ਫਕੀਰ! ਤੈਂ ਖਫਣੀ ਨੂੰ ਬਹੁਤ ਸਾਰੀਆਂ ਟਾਕੀਆਂ ਲਾਈਆਂ ਹੋਈਆਂ ਹਨ, ਪਰ ਜਿੰਦ ਨੂੰ ਕੋਈ ਟਾਕੀ ਨਹੀ (ਲਾਈ) ਭਾਵ ਜਿਵੇਂ ਖਫਣੀ ਨੂੰ ਬਹੁਤ ਟਾਕੀਆਂ ਤੋਪੇ ਲਾਏ ਹੋਏ ਹਨ (ਚੋਲਾ ਫਟ ਜਾਣ ਤੇ ਫਕੀਰ ਲੋਕ ਟਾਕੀਆਂ ਲਾ ਲੈਂਦੇ ਹਨ, ਇਹ ਤਿਆਗ ਅਤੇ ਸਾਦਗੀ ਦਾ ਚਿੰਨ੍ਹ ਹੋਣ ਕਰਕੇ ਬਹੁਤੇ ਫਕੀਰਾਂ ਨੇ ਇਸ ਨੂੰ ਅਪਣਾ ਲਿਬਾਸ ਬਣਾ ਲਿਆ, ਪਰ) ਜਿੰਦ ਨੂੰ ਸਰੀਰ ਨਾਲ ਜੋੜਨ ਲਈ (ਕਿਉਂਕਿ ਇਕ ਦਿਨ ਜਿੰਦ ਨੇ ਸਰੀਰ ਤੋਂ ਵੱਖ ਹੋ ਜਾਣਾ ਹੈ) ਜਾਂ ਰੱਬ ਨਾਲ ਜੋੜਨ ਲਈ ਕੋਈ ਤੋਪਾ ਨਹੀਂ ਲਗਾਇਆ।ਆਪੋ ਅਪਣੀ ਵਾਰੀ ਆਉਣ ਤੇ ਵੱਡੇ ਵੱਡੇ ਅਭਿਆਸ ਕਰਨ ਵਾਲੇ ਸਾਧਕ ਅਤੇ ਸ਼ੇਖ ਆਦਿ ਸੰਸਾਰ ਤੋਂ ਚਲੇ ਗਏ ਹਨ।੪੭।

ਪਦਾਰਥ = ਖਿਥੜਿ–ਗੋਦੜੀ; ਖਫਣੀ।ਮੇਖਾ–ਟਾਕੀਆਂ; ਟੰਕੇ; ਤੋਪੇ।ਅਗਲੀਆ–ਬਹੁਤ।ਕਾਈ–ਕੋਈ।ਮਸਾਇਕ–ਅਭਿਆਸ ਕਰਨ ਵਾਲੇ (ਸਾਧਕ)।੪੭।

ਵਿਆਖਿਆ = ਜਿਵੇਂ ਖਫਣੀ ਨੂੰ ਧਾਗਿਆਂ ਦੇ ਤੋਪਿਆਂ ਨਾਲ ਜੋੜਿਆ ਹੁੰਦਾ ਹੈ, ਇਸੇ ਤਰ੍ਹਾਂ ਸਰੀਰ ਨੂੰ ਨਾੜੀਆਂ ਰੂਪ ਧਾਗਿਆਂ ਨਾਲ ਸਿਉਂਤਾ ਹੋਇਆ ਹੈ।ਪਰ ਜਿੰਦ ਨੂੰ ਕੋਈ ਤੋਪਾ ਨਹੀ ਲਾਇਆ ਜਾ ਸਕਦਾ, ਵਾਰੀ ਆਉਣ ਤੇ ਇਕ ਦਿਨ ਸਭ ਦੀ ਜਿੰਦ ਨੇ ਸਰੀਰ ਨੂੰ ਛਡ ਜਾਣਾ ਹੈ।੪੭।

ਫਰੀਦਾ ਦੁਹੁ ਦੀਵੀ ਬਲੰਦਿਆ, ਮਲਕੁ ਬਹਿਠਾ ਆਇ ॥ ਗੜੁ ਲੀਤਾ ਘਟੁ ਲੁਟਿਆ, ਦੀਵੜੇ ਗਇਆ ਬੁਝਾਇ ॥੪੮॥ ਹੇ ਫਰੀਦ! ਦੋਹਾਂ ਅੱਖਾਂ ਰੂਪ ਦੀਵਿਆਂ ਦੇ ਜਗਦਿਆਂ (ਅੱਖਾਂ ਰਾਹੀਂ ਦੇਖਦੇ ਦੇਖਦੇ ਜਿਸ ਮਨੁੱਖ ਕੋਲ) ਜਮ ਆ ਬੈਠਾ ਹੈ।(ਤਾਂ ਜਮ ਨੇ) ਸਰੀਰ ਰੂਪ ਕਿਲਾ (ਅਪਣੇ ਹੱਥ ਵਿਚ) ਲੈ ਲਿਆ, ਜਿੰਦ ਨੂੰ ਲੁੱਟ ਲਿਆ ਅਤੇ ਅੱਖਾਂ ਰੂਪ ਦੀਵੇ ਬੁਝਾ ਗਿਆ।੪੮।

ਪਦਾਰਥ = ਦੁਹੁ–ਦੋ।ਦੀਵੀ–ਦੀਵੇ ਭਾਵ ਅੱਖਾਂ।ਬਲੰਦਿਆ–ਜਗਦਿਆਂ; ਦੇਖਦਿਆਂ।ਮਲਕ–ਮਲਕ+ਉਲ+ਮੌਤ (ਮੌਤ ਦਾ ਫਰਿਸਤਾ) ਜਮ।ਗੜ ਲੀਤਾ–ਸਰੀਰ ਰੂਪ ਕਿਲਾ ਲੈ (ਕਬਜਾ ਕਰ) ਲਿਆ।ਘਟੁ–ਜਿੰਦ।੪੮।

ਫਰੀਦਾ ਵੇਖੁ ਕਪਾਹੈ ਜਿ ਥੀਆ, ਜਿ ਸਿਰਿ ਥੀਆ ਤਿਲਾਹ ॥ ਕਮਾਦੈ ਅਰੁ ਕਾਗਦੈ, ਕੁੰਨੇ ਕੋਇਲਿਆਹ ॥ ਮੰਦੇ ਅਮਲ ਕਰੇਦਿਆ, ਏਹ ਸਜਾਇ ਤਿਨਾਹ ॥੪੯॥ ਹੇ ਫਰੀਦ! ਦੇਖ, ਜੋ (ਹਾਲ) ਕਪਾਹ ਨਾਲ ਹੋਇਆ (ਕਪਾਹ ਨੂੰ ਬੇਲਿਆ, ਪੀਂਜਿਆ, ਚਰਖੇ ਨਾਲ ਕੱਤਿਆ, ਬੁਣਿਆ, ਦਰਜੀ ਦੀ ਕੈਂਚੀ ਨਾਲ ਕੱਟ ਕੇ ਸੀਤਾ ਜਾਂਦਾ ਹੈ) ਫਿਰ ਜੋ ਕੁਛ ਤਿਲਾਂ ਦੇ ਸਿਰ ਤੇ ਹੁੰਦਾ ਹੈ (ਮੋਹਲੇ ਨਾਲ ਕੁੱਟਿਆ, ਕੋਹਲੂ ਵਿਚ ਪੀੜ ਕੇ ਤੇਲ ਕੱਢਿਆ ਜਾਂਦਾ ਹੈ)।ਕਮਾਦ ਨਾਲ (ਜੋ ਹਾਲ ਹੁੰਦਾ ਹੈ, ਖੇਤ ਵਿਚੋਂ ਕੱਟ, ਛਿੱਲ ਕੇ, ਘਲਾੜੀ ਵਿਚ ਪੀੜ ਕੇ ਰਸ ਕੱਢਿਆ, ਫਿਰ ਕੜਾਹੇ ਵਿਚ ਪਾ ਕੇ ਅੱਗ ਤੇ ਚੜ੍ਹਾ ਕੇ ਗੁੜ ਬਣਾਇਆ ਗਿਆ) ਕਾਗਦ ਦਾ (ਗਲ ਸੜ ਕੇ ਬਣਨਾ, ਦੁਬਾਰਾ ਫਿਰ ਗਲ ਸੜ ਕੇ ਬਣਨਾ) ਮਿੱਟੀ ਦੀ ਤੌੜੀ (ਵਾਰ ਵਾਰ ਚੁੱਲ੍ਹੇ ਤੇ ਚੜ੍ਹ ਕੇ ਅੱਗ ਦਾ ਸੇਕ ਸਹਿੰਦੀ ਹੈ) ਅਤੇ ਕੋਲੇ (ਕਈ ਵਾਰ ਜਲਾਏ ਜਾਂਦੇ ਹਨ।ਜੋ ਹਾਲ ਕਪਾਹ, ਤਿਲਾਂ, ਕਮਾਦ ਤੇ ਕਾਗਜ਼ ਆਦਿ ਦਾ ਹੁੰਦਾ ਹੈ) ਏਹੋ ਜਿਹੀਆਂ ਸਜਾਵਾਂ ਉਨ੍ਹਾਂ ਲੋਕਾਂ ਨੂੰ ਮਿਲਦੀਆਂ ਹਨ ਜੋ ਬੁਰੇ ਕਰਮ ਕਰਦੇ ਹਨ।੪੯।

ਪਦਾਰਥ = ਕਪਾਹੈ–ਕਪਾਹ ਨਾਲ। ਜਿ ਥੀਆ–ਜੋ ਕੁਝ ਹੋਇਆ (ਵਾਪਰਿਆ)। ਸਿਰਿ–ਸਿਰ ਉਤੇ। ਤਿਲਾਹ–ਤਿਲਾਂ ਨਾਲ। ਕਮਾਦੈ–ਗੰਨਿਆਂ ਨਾਲ। ਅਰੁ–ਅਤੇ। ਕਾਗਦੈ–ਕਾਗਜ਼ ਨਾਲ। ਕੁੰਨੇ–ਮਿੱਟੀ ਦੀ ਤੌੜੀ ਨਾਲ (ਮਿੱਟੀ ਗੁੰਨ੍ਹੀ, ਚੱਕ ਤੇ ਚਾੜ੍ਹ ਕੇ ਬਣ ਕੇ ਆਵੇ ਵਿਚ ਜਲ ਕੇ ਪੱਕਦੀ ਹੈ, ਫਿਰ ਚੁਲ੍ਹੇ ਤੇ ਅਗ ਸਹਿੰਦੀ ਹੈ)। ਅਮਲ–ਕੰਮ। ਤਿਨਾਹ–ਉਨ੍ਹਾਂ ਨੂੰ।੪੯।

ਵੇਖੁ ਜਿ ਮਿਠਾ ਕਟਿਆ, ਕਟਿ ਕੁਟਿ ਬਧਾ ਪਾਇ ਕਟਿ ਕੁਟਿ ਬਧਾ ਪਾਇ।(੧੪੨)

ਫਰੀਦਾ ਕੰਨਿ ਮੁਸਲਾ ਸੂਫੁ ਗਲਿ, ਦਿਲਿ ਕਾਤੀ ਗੁੜੁ ਵਾਤਿ ॥ ਬਾਹਰਿ ਦਿਸੈ ਚਾਨਣਾ, ਦਿਲਿ ਅੰਧਿਆਰੀ ਰਾਤਿ ॥੫੦॥ (ਕਿਸੇ ਫਕੀਰ ਦੇ ਪਖੰਡ ਨੂੰ ਦੇਖ ਕੇ) ਫਰੀਦ ਜੀ ਆਖਦੇ ਹਨ, ਹੇ ਫਕੀਰ! ਤੇਰੇ ਮੋਢੇ ਤੇ ਸਫ ਅਤੇ ਗਲ ਵਿਚ ਖਫਣੀ ਪਹਿਨੀ ਹੋਈ ਹੈ, ਦਿਲ ਵਿਚ ਈਰਖਾ ਰੂਪ ਛੁਰੀ ਹੈ ਅਤੇ ਮੂੰਹ ਤੋਂ ਗੁੜ ਵਰਗੀਆਂ ਮਿੱਠੀਆਂ ਗੱਲਾਂ ਲੋਕਾਂ ਨੂੰ ਸੁਣਾਉਂਦਾ ਹੈਂ {ਰਿਦੈ ਛੁਰੀ ਸੰਧਿਆਨੀ। ਪਰ ਦਰਬ ਹਿਰਨ ਕੀ ਬਾਨੀ ੧੩੫੧}। (ਸਾਧੂਆਂ ਵਾਲਾ ਭੇਖ ਧਾਰਨ ਅਤੇ ਗਿਆਨ ਦੀਆਂ ਗੱਲਾਂ ਕਰਨ ਕਰਕੇ) ਬਾਹਰੋਂ ਗਿਆਨ ਦੇ ਚਾਨਣ ਵਾਲਾ ਦਿਸਦਾ ਹੈਂ, (ਪਰ) ਦਿਲ ਵਿਚ ਅਗਿਆਨਤਾ ਦੀ ਹਨ੍ਹੇਰੀ ਰਾਤ ਹੈ (ਦਿਲ ਪਾਪਾਂ ਕਰਕੇ ਕਾਲਾ ਹੈ)।੫੦।

ਪਦਾਰਥ = ਕੰਨਿ–ਕੰਧਾ; ਮੋਢਾ। ਮੁਸਲਾ–ਸਫ (ਜੋ ਨਿਮਾਜ ਪੜ੍ਹਨ ਸਮੇਂ ਵਿਛਾਈ ਜਾਂਦੀ ਹੈ) ਮੁਸੱਲਾ ਪੜ੍ਹੋ। ਸੂਫੁ–ਕਾਲੀ ਖਫਣੀ (ਸੂਫੀ ਫਕੀਰ ਪਹਿਨਦੇ ਹਨ)। ਕਾਤੀ–ਕੈਂਚੀ (ਈਰਖਾ ਦੀ)। ਗੁੜ ਵਾਤਿ–ਮੂਹੋਂ ਗੁੜ ਵਰਗਾ ਮਿੱਠਾ ਹੈ।੫੦।

ਫਰੀਦਾ ਰਤੀ ਰਤੁ ਨ ਨਿਕਲੈ, ਜੇ ਤਨੁ ਚੀਰੈ ਕੋਇ ॥ ਜੋ ਤਨ ਰਤੇ ਰਬ ਸਿਉ, ਤਿਨ ਤਨਿ ਰਤੁ ਨ ਹੋਇ ॥੫੧॥ ਹੇ ਫਰੀਦ! ਜੇ ਕੋਈ ਮਨੁੱਖ (ਰੱਬ ਨਾਲ ਜੁੜੇ ਹੋਏ ਦਰਵੇਸ਼ਾਂ ਦੇ) ਤਨ ਨੂੰ ਚੀਰ ਦੇ ਕੇ ਦੇਖੇ, (ਤਾਂ ਉਨ੍ਹਾਂ ਦੇ ਤਨ ਵਿਚੋ)ਂ ਰੱਤੀ ਭਰ ਵੀ ਲਹੂ ਨਹੀਂ ਨਿਕਲਦਾ। (ਕਿਉਂਕਿ) ਜਿਨ੍ਹਾਂ ਫਕੀਰਾਂ ਦੇ ਤਨ ਰੱਬ ਦੇ ਪ੍ਰੇਮ ਨਾਲ ਰੰਗੇ ਹੋਏ ਹਨ, ਉਨ੍ਹਾਂ ਦੇ ਤਨ ਵਿਚ ਲਹੂ ਨਹੀ ਹੁੰਦਾ।੫੧।

ਪਦਾਰਥ = ਰਤੀ–ਰੱਤੀ ਭਰ (ਥੋੜਾ ਜਿਹਾ ਵੀ)। ਰਤੁ–ਲਹੂ ਚੀਰੈ–ਕੱਟ ਕੇ। ਤਨੁ–ਸਰੀਰ ਨੂੰ। ਤਨ–ਸਰੀਰ। ਰਤੇ–ਰੰਗੇ ਹੋਏ। ਸਿਉ–ਨਾਲ। ਤਿਨ ਤਨਿ–ਉਨ੍ਹਾਂ ਦੇ ਸਰੀਰ ਵਿਚ।੫੧।

ਵਿਆਖਿਆ = ਪੁਰਾਣੇ ਸਮੇਂ ਵਿਚ ਫਕੀਰ ਬਹੁਤ ਘੋਰ ਤਪ ਕਰਿਆ ਕਰਦੇ ਸਨ। ਰੱਬੀ ਭੈ ਅਤੇ ਵੈਰਾਗ ਵਿਚ ਸਰੀਰ ਵੀ ਸੁੱਕ ਕੇ ਤੀਲਾ ਹੋ ਜਾਂਦਾ ਸੀ। ਸਰੀਰ ਨੂੰ ਬੜ ਕਸ਼ਟ ਦਿਆ ਕਰਦੇ ਸਨ। ਪਰ ਇਹ ਗੁਰਮਤਿ ਦਾ ਮਾਰਗ ਨਹੀ ਹੈ।

ਗੁਰੂ ਅਮਰਦਾਸ ਜੀ ਅਗਲੇ ਸਲੋਕ ਵਿਚ ਫਰੀਦ ਜੀ ਦੇ ਭਾਵ ਨੂੰ ਸਪੱਸ਼ਟ ਕਰਦੇ ਹਨ।

ਮ:੩ ॥ ਇਹੁ ਤਨੁ ਸਭੋ ਰਤੁ ਹੈ, ਰਤੁ ਬਿਨੁ ਤੰਨੁ ਨ ਹੋਇ ॥ ਜੋ ਸਹ ਰਤੇ ਆਪਣੇ, ਤਿਤੁ ਤਨਿ ਲੋਭੁ ਰਤੁ ਨ ਹੋਇ ॥ ਭੈ ਪਇਐ ਤਨੁ ਖੀਣੁ ਹੋਇ, ਲੋਭੁ ਰਤੁ ਵਿਚਹੁ ਜਾਇ ॥ ਜਿਉ ਬੈਸੰਤਰਿ ਧਾਤੁ ਸੁਧੁ ਹੋਇ, ਤਿਉ ਹਰਿ ਕਾ ਭਉ ਦੁਰਮਤਿ ਮੈਲੁ ਗਵਾਇ ॥ ਨਾਨਕ ਤੇ ਜਨ ਸੋਹਣੇ, ਜਿ ਰਤੇ ਹਰਿ ਰੰਗੁ ਲਾਇ ॥੫੨॥ ਗੁਰੂ ਜੀ ਆਖਦੇ ਹਨ, ਇਹ ਸਾਰਾ ਸਰੀਰ ਲਹੂ ਰੂਪ ਹੈ, ਕੋਈ ਵੀ ਸਰੀਰ ਲਹੂ ਤੋਂ ਬਿਨਾ ਨਹੀ ਹੁੰਦਾ। (ਪਰ) ਜਿਹੜਾ ਸਰੀਰ ਅਪਣੇ ਮਾਲਕ ਦੇ ਪ੍ਰੇਮ ਵਿਚ ਰੰਗਿਆ ਹੋਇਆ ਹੈ, ਉਸ ਦੇ ਸਰੀਰ ਵਿਚ ਲੋਭ ਰੂਪ ਲਹੂ ਨਹੀ ਹੁੰਦਾ। (ਰੱਬੀ) ਭੈ ਹਿਰਦੇ ਵਿਚ ਪੈਣ ਕਰਕੇ ਸਰੀਰ ਆਪੇ ਪਤਲਾ ਹੋ ਜਾਂਦਾ ਹੈ ਅਤੇ ਲੋਭ ਰੂਪ ਲਹੂ ਸਰੀਰ ਵਿਚੋਂ ਨਿਕਲ ਜਾਂਦਾ ਹੈ। ਜਿਵੇਂ ਅੱਗ ਵਿਚ ਪੈ ਕੇ ਸੋਨਾ ਆਦਿ ਧਾਤ ਸ਼ੁੱਧ ਹੋ ਜਾਂਦੀ ਹੈ, ਤਿਵੇਂ ਹਰੀ ਦਾ ਡਰ ਖੋਟੀ ਮੱਤ ਦੀ ਮੈਲ ਨੂੰ ਦੂਰ ਕਰਦਾ ਹੈ। ਗੁਰੂ ਜੀ ਕਹਿੰਦੇ ਹਨ, ਉਹ ਮਨੁੱਖ (ਜਗਤ ਵਿਚ) ਸੋਹਣੇ ਹਨ, ਜਿਹੜੇ ਹਰੀ ਵਿਚ ਪ੍ਰੇਮ ਲਾ ਕੇ (ਉਸ ਵਿਚ) ਰੰਗੇ ਗਏ ਹਨ।੫੨। ਇਹ ਸਲੋਕ ੯੪੯ ਅੰਗ ਤੇ ਰਾਮਕਲੀ ਰਾਗ ਦੀ ਵਾਰ ਵਿਚ ਵੀ ਅੱਠਵੀਂ ਪਉੜੀ ਦਾ ਪਹਿਲਾ ਸਲੋਕ ਹੈ।

ਪਦਾਰਥ = ਤਨੁ–ਸਰੀਰ। ਰਤੁ–ਲਹੂ। ਸਹ–ਖਸਮ (ਹਰੀ)। ਰਤੇ–ਰੰਗੇ ਹੋਏ ਹਨ। ਭੈ ਪਇਐ–ਭੈ ਪੈਣ ਨਾਲ। ਖੀਣ–ਕਮਜੋਰ। ਬੈਸੰਤਰਿ–ਅੱਗ ਵਿਚ। ਧਾਤੁ–(ਸੋਨਾ ਆਦਿ) ਧਾਤ। ਭਉ–ਡਰ। ਰਤੇ–ਜੁੜੇ ਹੋਏ ਹਨ। ਦੁਰਮਤਿ–ਖੋਟੀ ਬੁੱਧੀ ਦੀ।੫੨।

ਵਿਆਖਿਆ = ਹਰੀ ਦੇ ਡਰ ਅਤੇ ਪ੍ਰੇਮ ਨਾਲ ਸਰੀਰ ਵਿਚੋਂ ਲੋਭ ਰੂਪ ਜਾਂ ਹਰਾਮ ਦੀ ਕਮਾਈ ਖਾ ਕੇ ਬਣਿਆ ਲਹੂ ਦੂਰ ਹੋ ਜਾਂਦਾ ਹੈ। ਮਨੁੱਖ ਪਵਿਤ੍ਰ ਜੀਵਨ ਵਾਲਾ ਬਣ ਜਾਂਦਾ ਹੈ। ਐਸਾ ਮਨੁੱਖ ਸੰਸਾਰ ਵਿਚ ਸੁੰਦਰ ਹੈ।੫੨।

ਫਰੀਦਾ ਸੋਈ ਸਰਵਰੁ ਢੂਢਿ ਲਹੁ, ਜਿਥਹੁ ਲਭੀ ਵਥੁ ॥ ਛੱਪੜ ਢੂਢੈ ਕਿਆ ਹੋਵੈ, ਚਿਕੜਿ ਡੁਬੈ ਹਥੁ ॥੫੩॥ ਫਰੀਦ ਜੀ ਆਖਦੇ ਹਨ, ਹੇ ਜੀਵ ਰੂਪ ਹੰਸ! ਉਹ (ਗੁਰੂ ਰੂਪ ਮਾਨ) ਸਰੋਵਰ ਲਭ ਲੈ, ਜਿਥੋਂ (ਤੈਨੂੰ ਤੇਰੀ ਖੁਰਾਕ ਨਾਮ ਰੂਪ ਮੋਤੀਆਂ ਦੀ) ਵਸਤੂ ਲੱਭ ਪਵੇ। (ਝੂਠੇ ਗੁਰੂ ਰੂਪ) ਛੱਪੜ ਵਿਚੋਂ ਲਭਣ ਤੇ ਕੀ ਪ੍ਰਾਪਤ ਹੋਵੇਗਾ? (ਕੁੱਛ ਨਹੀਂ ਮਿਲਣਾ, ਸੱਗੋਂ ਮਨ ਰੂਪ) ਹੱਥ ਵਿਸ਼ੇ ਰੂਪ ਚਿੱਕੜ ਵਿਚ ਹੀ ਡੁਬੇਗਾ (ਕੱਚੇ ਗੁਰੂ ਤੋਂ ਕੁੱਛ ਨਹੀ ਮਿਲਦਾ, ਮਾਯਾ ਦਾ ਮੋਹ, ਵਿਸ਼ੇ ਆਦਿ ਵੀ ਦੂਰ ਨਹੀਂ ਹੁੰਦੇ)।੫੩।

ਪਦਾਰਥ = ਸੋਈ–ਉਹ। ਸਰਵਰੁ–ਸਮੁੰਦਰ; ਮਾਨ ਸਰੋਵਰ। ਢੂਢਿ ਲਹੁ–ਲੱਭ ਲੈ। ਵਥੁ–ਵਸਤੂ (ਨਾਮ ਰੂਪ)। ਛਪੜਿ–ਛੋਟਾ ਟੋਭਾ (ਰੂਪ ਕੱਚੇ ਗੁਰੂ)। ਚਿਕੜਿ–ਵਿਸ਼ਿਆਂ ਦਾ ਚਿੱਕੜ।੫੩।

ਫਰੀਦਾ ਨੰਢੀ ਕੰਤੁ ਨ ਰਾਵਿਓ, ਵਡੀ ਥੀ ਮੁਈਆਸੁ ॥ ਧਨ ਕੂਕੇਂਦੀ ਗੋਰ ਮੇਂ, ਤੈ ਸਹ ਨਾ ਮਿਲੀਆਸੁ ॥੫੪॥ ਹੇ ਫਰੀਦ! (ਜਿਸ) ਜਵਾਨ ਇਸਤ੍ਰੀ ਨੇ ਪਤੀ ਦਾ ਅਨੰਦ ਨਹੀ ਮਾਣਿਆ (ਰੱਬ ਦਾ ਭਜਨ ਨਹੀ ਕੀਤਾ) ਬ੍ਰਿਧ ਹੋਈ ਤਾਂ (ਭਜਨ ਬਿਨਾ ਹੀ) ਮਰ ਗਈ

।ਮਰਨ ਪਿੱਛੋਂ ਜੀਵ ਇਸਤ੍ਰੀ ਕਬਰ ਵਿਚ ਪਈ ਹੋਈ (ਕਿਆਮਤ ਤਕ) ਪੁਕਾਰਦੀ ਹੈ ਕਿ ਹੇ ਪਤੀ! ਮੈਂ ਤੈਨੂੰ (ਵੇਲੇ ਸਿਰ ਕਿਉਂ) ਨਹੀਂ ਮਿਲ ਸਕੀ (ਹੁਣ ਪਛਤਾਇਆਂ ਕੀ ਹੋਣਾ ਹੈ)।੫੪।

ਪਦਾਰਥ = ਨੰਢੀ-ਜੁਆਨ (ਛੋਟੀ ਉਮਰੇ) ਇਸਤ੍ਰੀ ਨੇ।ਕੰਤੁ-ਖਸਮ (ਖੁਦਾ)।ਨ ਰਾਵਿਓ-ਸਿਮਰਿਆ ਨਹੀਂ।ਵਡੀ ਥੀ-(ਜਦ) ਬ੍ਰਿਧ ਹੋਈ।ਮੁਈਆਸੁ-ਮਰ ਗਈ।ਧਨ-ਇਸਤ੍ਰੀ।ਕੂਕੇਂਦੀ-ਪੁਕਾਰਦੀ; ਰੋਂਦੀ ਹੈ।ਗੋਰ ਮੇਂ-ਕਬਰ ਵਿਚ।ਤੈ-ਤੈਨੂੰ।ਸਹ-ਹੇ ਸ਼ਹੁ (ਖੁਦਾ)!।ਨ ਮਿਲੀਆਸੁ-ਨਹੀਂ ਮਿਲ ਸਕੀ।੫੪।

ਵਿਆਖਿਆ = ਜੋ ਲੋਕ ਜੁਆਨੀ ਵੇਲੇ ਵਿਚ ਭਜਨ ਨਹੀਂ ਕਰਦੇ, ਉਨ੍ਹਾਂ ਤੋਂ ਬੁਢੇਪੇ ਵਿਚ ਵੀ ਭਜਨ ਨਹੀ ਹੁੰਦਾ।ਕਿਉਂਕਿ ਇਕ ਤਾਂ ਬੁਢੇਪੇ ਵਿਚ ਸਾਰੇ ਇੰਦ੍ਰੇ ਕਮਜੋਰ ਪੈ ਜਾਂਦੇ ਹਨ, ਦੂਜੇ ਜਵਾਨੀ ਦੇ ਬੁਰੇ ਸੰਸਕਾਰ ਬੁਢੇਪੇ ਵਿਚ ਪੱਕ ਜਾਂਦੇ ਹਨ, ਮਨ ਵਿਚੋਂ ਨਿਕਲਦੇ ਨਹੀਂ।ਮੌਤ ਆਈ ਤੇ ਕਬਰ ਵਿਚ ਰੂਹ ਪਛਤਾ ਕੇ ਰੋਂਦੀ ਹੈ ਕਿ ਭਜਨ ਕਿਉਂ ਨਾ ਹੋ ਸਕਿਆ (ਕਬਰ ਵਿਚ ਰੂਹ ਦਾ ਕੂਕਣਾ ਇਸਲਾਮੀ ਖਿਆਲ ਹੈ ਜੋ ਫਰੀਦ ਜੀ ਨੇ ਸੁਭਾਵਿਕ ਹੀ ਲਿਖਿਆ ਹੈ)।ਭਾਵ ਇਹ ਹੈ ਭਜਨ ਬਿਨਾ ਮਨੁੱਖ ਮਰ ਕੇ ਦੁਖੀ ਹੁੰਦਾ ਹੈ।

ਫਰੀਦਾ ਸਿਰੁ ਪਲਿਆ ਦਾੜੀ ਪਲੀ, ਮੁਛਾਂ ਭੀ ਪਲੀਆਂ ॥ ਰੇ ਮਨ ਗਹਿਲੇ ਬਾਵਲੇ, ਮਾਣਹਿ ਕਿਆ ਰਲੀਆਂ ॥੫੫॥ ਹੇ ਫਰੀਦ! ਸਿਰ ਚਿੱਟਾ ਹੋ ਗਿਆ ਹੈ (ਸਿਰ ਦੇ ਕੇਸ ਚਿੱਟੇ ਹੋ ਗਏ ਹਨ), ਦਾੜ੍ਹੀ ਤੇ ਮੁੱਛਾਂ ਦੇ ਵਾਲ ਵੀ ਚਿੱਟੇ ਹੋ ਗਏ ਹਨ (ਬ੍ਰਿਧ ਹੋ ਗਿਆ ਹੈ)।ਹੇ ਮੂਰਖ ਕਮਲੇ ਮਨ! (ਬੁੱਢਾ ਹੋ ਗਿਆ ਹੈਂ ਅਤੇ ਅਜੇ ਵੀ) ਕੀ ਖੁਸ਼ੀਆਂ ਮਾਣ ਰਿਹਾ ਹੈਂ? (ਮੌਤ ਨੇੜੇ ਆ ਰਹੀ ਹੈ, ਕੀ ਅਜੇ ਵੀ ਰੱਬ ਯਾਦ ਨਹੀ ਆਉਂਦਾ?)।੫੫।

ਪਦਾਰਥ = ਪਲਿਆ-ਚਿੱਟਾ ਹੋ ਗਿਆ (ਵਾਲਾਂ ਦਾ ਘਸਮੈਲਾ ਜਿਹਾ ਰੰਗ)।ਪਲੀ-ਚਿੱਟੀ।ਰੇ ਮਨ ਗਹਿਲੇ ਬਾਵਲੇ-ਹੇ ਮੂਰਖ ਕਮਲੇ ਮਨ!।ਮਾਣਹਿ-ਮਾਣਦਾ ਹੈਂ।ਰਲੀਆਂ-ਮੌਜਾਂ; ਖੁਸ਼ੀਆਂ।੫੫।

ਫਰੀਦਾ ਕੋਠੇ ਧੁਕਣੁ ਕੇਤੜਾ, ਪਿਰ ਨੀਦੜੀ ਨਿਵਾਰਿ ॥ ਜੋ ਦਿਹ ਲਧੇ ਗਾਣਵੇ, ਗਏ ਵਿਲਾੜਿ ਵਿਲਾੜਿ ॥੫੬॥ ਹੇ ਫਰੀਦ! ਕੋਠੇ ਉਤੇ ਕਿੰਨੀ ਕੁ ਦੌੜ ਹੋ ਸਕਦੀ ਹੈ? (ਕੋਠਾ ਲੰਬਾ ਚੌੜਾ ਮੈਦਾਨ ਤਾਂ ਹੈ ਨਹੀ, ਇਸੇ ਤਰ੍ਹਾਂ ਜੀਵਨ ਦੀ ਦੌੜ ਛੇਤੀ ਮੁੱਕ ਜਾਵੇਗੀ) {ਭੀਤਿ ਊਪਰੇ ਕੇਤਕ ਧਾਈਐ, ਅੰਤਿ ਓਰ ਕੋ ਆਹਾ ੪੦੨}, ਪਤੀ ਪ੍ਰਭੂ ਵਲੋਂ (ਬੇਮੁੱਖ ਹੋ ਕੇ ਜੋ ਸੁੱਤਾ ਪਿਆ ਹੈਂ, ਇਹ) ਅਗਿਆਨਤਾ ਦੀ ਨੀਂਦ ਦੂਰ ਕਰ।(ਤੈਨੂੰ ਜੀਵਨ ਦੇ) ਜਿਹੜੇ ਗਿਣਤੀ ਦੇ (ਥੋੜੇ) ਦਿਨ ਮਿਲੇ ਸਨ (ਉਹ ਦਿਨ ਭਜਨ ਬਿਨਾ) ਲੰਘਦੇ ਲੰਘਦੇ ਲੰਘ ਗਏ (ਛੇਤੀ ਬੀਤ) ਹਨ; ਲਾਡਾਂ ਵਿਚ ਗੁਜਰ ਗਏ।੫੬।

ਪਦਾਰਥ = ਧੁਕਣੁ-ਦੌੜ।ਕੇਤੜਾ-ਕਿੰਨਾ ਕੁ; ਕਿੱਥੇ ਤਕ।ਪਿਰ-ਪਤੀ ਪ੍ਰਭੂ ਵੱਲੋਂ।ਨੀਦੜੀ-ਅਗਿਆਨ ਦੀ ਨੀਂਦ।ਨਿਵਾਰਿ-ਦੂਰ ਕਰ ਦੇਹ।ਦਿਹ-ਦਿਨ।ਲਧੇ-ਲੱਝੇ; ਮਿਲੇ ਸਨ।ਗਾਣਵੇ-ਗਿਣਤੀ ਦੇ।ਵਿਲਾੜਿ-ਬੀਤ ਗਏ; ਲਾਡਾਂ ਵਿਚ।੫੬।

ਫਰੀਦਾ ਕੋਠੇ ਮੰਡਪ ਮਾੜੀਆ, ਏਤੁ ਨ ਲਾਏ ਚਿਤੁ ॥ ਮਿਟੀ ਪਈ ਅਤੋਲਵੀ, ਕੋਇ ਨ ਹੋਸੀ ਮਿਤੁ ॥੫੭॥ ਫਰੀਦ ਜੀ ਕਹਿੰਦੇ ਹਨ ਕਿ ਹੇ ਭਾਈ! ਮਕਾਨ, ਮਹਿਲ ਅਤੇ ਅਟਾਰੀਆਂ ਜੋ ਹਨ, ਇਨ੍ਹਾਂ ਨਾਲ ਚਿਤ ਨਾ ਲਗਾ।ਜਿਸ ਵੇਲੇ (ਕਬਰ ਵਿਚ) ਤੇਰੇ ਉਤੇ ਅਣ ਮਿਣਵੀਂ ਮਿਟੀ ਪਏਗੀ ਤਾਂ ਕੋਈ ਵੀ ਤੇਰਾ ਮਿਤ੍ਰ (ਸਹਾਈ) ਨਹੀਂ ਬਣੇਗਾ (ਮਹਿਲ ਮਾੜੀਆਂ ਸਹਾਈ ਨਹੀਂ ਹੋਣਗੀਆਂ)।੫੭।

ਪਦਾਰਥ = ਕੋਠੇ-ਇਕ ਛੱਤੇ ਮਕਾਨ।ਮੰਡਪ-ਮਹਿਲ।ਮਾੜੀਆ-ਹਵੇਲੀਆਂ।ਏਤੁ-ਇਨ੍ਹਾਂ ਨਾਲ।ਅਤੋਲਵੀ-ਅਣ ਮਿਣੀ।ਨ ਹੋਸੀ-ਨਹੀਂ ਹੋਵੇਗਾ।ਮਿਤੁ-ਮਿਤ੍ਰ।੫੭।

ਅੰਗ ੧੩੮੧ = ਫਰੀਦਾ ਮੰਡਪ ਮਾਲੁ ਨ ਲਾਇ, ਮਰਗ ਸਤਾਣੀ ਚਿਤਿ ਧਰਿ ॥ ਸਾਈ ਜਾਇ ਸਮ੍ਹਾਲਿ, ਜਿਥੈ ਹੀ ਤਉ ਵੰਞਣਾ ॥੫੮॥ ਹੇ ਫਰੀਦ! ਮਹਿਲ, ਧਨ ਪਦਾਰਥ ਨੂੰ ਮਨ ਵਿਚ ਨਾ ਲਗਾ, ਬਲਵਾਨ ਮੌਤ ਨੂੰ ਚਿਤ ਵਿਚ ਟਿਕਾ ਕੇ (ਯਾਦ) ਰੱਖ।(ਪ੍ਰਲੋਕ ਦੀ) ਉਸ ਜਗ੍ਹਾ ਨੂੰ ਯਾਦ ਕਰ, ਜਿਥੇ ਤੂੰ ਜਾਣਾ ਹੈ (ਅਗਲੇ ਜੀਵਨ ਲਈ ਵੀ ਕੁੱਛ ਚੰਗੇ ਕਰਮ ਕਰ)।੫੮।

ਪਦਾਰਥ = ਮੰਡਪ-ਮਹਿਲ।ਮਾਲ-ਧਨ ਸੰਪਤੀ।ਨ ਲਾਇ-(ਮਨ) ਨਾ ਲਗਾ।ਮਰਗ-ਮੌਤ।ਸਤਾਣੀ-ਬਲਵਾਨ।ਚਿਤਿ ਧਰਿ-ਚਿਤ ਵਿਚ ਯਾਦ ਰੱਖ।ਸਾਈ-(ਸਾਂਈ ਨਾ ਬੋਲੋ) ਉਹ।ਜਾਇ-ਜਗ੍ਹਾ।ਸਮ੍ਹਾਲਿ-ਯਾਦ ਰੱਖ।ਤਉ-ਤੂੰ।ਵੰਞਣਾ-ਜਾਣਾ ਹੈ।੫੮।

ਵਿਆਖਿਆ = ਰੱਬ ਨੂੰ ਭੁੱਲ ਕੇ ਜੇ ਧਨ ਸੰਪਤੀ ਵਿਚ ਮਨ ਲਗਾ ਰਿਹਾ ਤਾਂ ਪ੍ਰਲੋਕ ਵਿਚ ਜਾ ਕੇ ਕੀ ਜਵਾਬ ਦੇਵੇਂਗਾ?।੫੮।

ਫਰੀਦਾ ਜਿਨੀ ਕੰਮੀ ਨਾਹਿ ਗੁਣ, ਤੇ ਕੰਮੜੇ ਵਿਸਾਰਿ ॥ ਮਤੁ ਸਰਮਿੰਦਾ ਥੀਵਹੀ, ਸਾਂਈ ਦੈ ਦਰਬਾਰਿ ॥੫੯॥ ਫਰੀਦ ਜੀ ਕਹਿੰਦੇ ਹਨ (ਕਿ ਹੇ ਭਾਈ!) ਜਿਨ੍ਹਾਂ (ਬੁਰੇ) ਕੰਮਾਂ ਦੇ ਕਰਨ ਵਿਚ ਕੋਈ ਆਤਮ ਲਾਭ ਨਹੀ ਮਿਲਦਾ, ਉਹ ਨਿਕੰਮੇ ਕੰਮ ਭੁਲਾ (ਛੱਡ) ਦੇ।ਮਤਾਂ ਤੈਨੂੰ ਰੱਬ ਦੇ ਦਰਬਾਰ ਵਿਚ ਤੈਨੂੰ ਸ਼ਰਮਿੰਦਾ ਨਾ ਹੋਣਾ ਪਵੇ।੫੯।

ਪਦਾਰਥ = ਜਿਨੀ ਕੰਮੀ-ਜਿਨ੍ਹਾਂ (ਬੁਰੇ) ਕੰਮਾਂ ਵਿਚ।ਗੁਣ-ਲਾਭ; ਉਪਕਾਰ।ਤੇ-ਉਹ।ਕੰਮੜੇ-ਨਿਕੰਮੇ ਕੰਮ।ਮਤੁ-ਨਹੀਂ ਤਾਂ; ਮੱਤਾਂ; ਸ਼ਾਇਦ।ਥੀਵਹੀ-ਹੋਵੇਂ।ਸਾਂਈ ਦੈ-ਰੱਬ ਦੇ।ਦਰਬਾਰਿ-ਦਰਬਾਰ (ਕਚਹਿਰੀ) ਵਿਚ।੫੯।

(੫੮ ਵੇਂ ਸਲੋਕ ਵਿਚ ਸਾਈ ਅਤੇ ੫੯ ਵੇਂ ਵਿਚ ਸਾਂਈ ਦਾ ਅੰਤਰ ਵੇਖਿਆ ਜਾਵੇ)।

ਫਰੀਦਾ ਸਾਹਿਬ ਦੀ ਕਰਿ ਚਾਕਰੀ, ਦਿਲ ਦੀ ਲਾਹਿ ਭਰਾਂਦਿ ॥ ਦਰਵੇਸਾਂ ਨੋ ਲੋੜੀਐ, ਰੁਖਾਂ ਦੀ ਜੀਰਾਂਦਿ ॥੬੦॥ ਫਰੀਦ ਜੀ ਕਹਿੰਦੇ ਹਨ (ਕਿ ਹੇ ਭਾਈ!) ਅਪਣੇ ਮਾਲਕ ਰੱਬ ਦੀ ਸੇਵਾ ਕਰ ਅਤੇ ਦਿਲ ਦਾ ਭਰਮ ਉਤਾਰ ਦੇਹ। ਰੱਬ ਦੇ ਫਕੀਰਾਂ ਨੂੰ ਰੁੱਖਾਂ ਦੀ ਨਿਆਂਈ ਸਹਿਨਸ਼ੀਲਤਾ (ਧਾਰਨੀ) ਚਾਹੀਦੀ ਹੈ।੬੦।

ਪਦਾਰਥ = ਸਾਹਬ–ਮਾਲਕ ਖੁਦਾ। ਚਾਕਰੀ–ਨੌਕਰੀ; ਸੇਵਾ। ਭਰਾਂਦਿ–ਭਰਮ; ਭੁਲੇਖਾ; ਝੂਠੀ ਸਮਝ। ਦਰਵੇਸਾਂ ਨੋ–ਰੱਬ ਦੇ ਫਕੀਰਾਂ ਨੂੰ। ਲੋੜੀਐ–ਚਾਹੀਦੀ ਹੈ। ਰੁਖਾਂ ਦੀ–ਦਰੱਖਤਾਂ ਵਰਗੀ। ਜੀਰਾਂਦਿ–ਜਿਗਰਾ; ਸਹਿਨਸ਼ੀਲਤਾ; ਧੀਰਜ।੬੦।

ਵਿਆਖਿਆ = ਰੁਖਾਂ ਨੂੰ ਕੋਈ ਇੱਟ ਮਾਰੇ ਤਾਂ ਫਲ ਦੇਂਦੇ ਹਨ, ਰੁੱਖ ਧੁੱਪ, ਠੰਢ, ਮੀਹ ਵੀ ਸਹਿੰਦੇ ਹਨ, ਐਸਾ ਸੁਭਾਵ ਫਕੀਰ ਦਾ ਹੋਣਾ ਚਾਹੀਦਾ ਹੈ। ਸਭ ਦੇ ਕੁਬਚਨ, ਨਿੰਦਿਆ ,ਦੁੱਖ ਜਰ ਲਵੇ। ਦਿਲ ਵਿਚ ਭਰਮ ਹੋਵੇ ਤਾਂ ਰੱਬ ਦੀ ਸੇਵਾ ਨਹੀਂ ਹੋ ਸਕਦੀ। ਭਰਮ ਦੇ ਦੂਰ ਹੋਣ ਨਾਲ ਹੀ ਰੱਬ ਵਿਚ ਪੂਰਨ ਭਰੋਸਾ ਬੱਝਦਾ ਹੈ।੬੦।

ਫਰੀਦਾ ਕਾਲੇ ਮੈਡੇ ਕਪੜੇ, ਕਾਲਾ ਮੈਡਾ ਵੇਸੁ ॥ ਗੁਨਹੀ ਭਰਿਆ ਮੈ ਫਿਰਾ, ਲੋਕੁ ਕਹੈ ਦਰਵੇਸੁ ॥੬੧॥ ਫਰੀਦ ਜੀ ਕਹਿੰਦੇ ਹਨ, ਮੇਰੇ ਕਪੜੇ ਕਾਲੇ ਹਨ ਅਤੇ ਮੇਰਾ (ਸਾਰਾ) ਪਹਿਰਾਵਾ ਹੀ ਕਾਲਾ ਹੈ (ਜਾਂ ਸਰੀਰ ਦਾ ਰੰਗ ਤਪ ਕਰਦਿਆਂ ਕਾਲਾ ਹੋ ਗਿਆ)। ਮੈਂ ਤਾਂ ਔਗਣਾਂ ਦਾ ਭਰਿਆ ਫਿਰਦਾ ਹਾਂ (ਪਰ ਮੇਰੇ ਭੇਖ ਨੂੰ ਦੇਖ ਕੇ) ਜਗਤ ਮੈਨੂੰ ਦਰਵੇਸ਼ ਕਹਿੰਦਾ ਹੈ।੬੧।

ਪਦਾਰਥ = ਮੈਡੇ–ਮੇਰੇ। ਵੇਸੁ–ਪਹਿਰਾਵਾ; ਸਰੀਰ ਦਾ ਰੰਗ (ਸੰ. ਸ.)। ਗੁਨਹੀ–ਗੁਨਾਹ; ਪਾਪ। ਲੋਕੁ–ਜਗਤ।੬੧।

ਵਿਆਖਿਆ = ਸੂਫੀ ਫਕੀਰ ਕਾਲੇ ਕਪੜੇ ਪਹਿਨਦੇ ਹਨ। ਲੋਕ ਦਰਵੇਸ਼ ਜਾਣ ਕੇ ਸਨਮਾਨ ਕਰਦੇ ਹਨ। ਪਰ ਜੇ ਦਿਲ ਚ ਕਾਲਖ ਹੋਵੇ ਤਾਂ ਫਕੀਰੀ ਕਾਹਦੀ ਹੋਈ?।੬੧।

ਤਤੀ ਤੋਇ ਪਲਵੈ, ਜੇ ਜਲਿ ਟੁਬੀ ਦੇਇ ॥ ਫਰੀਦਾ ਜੋ ਡੋਹਾਗਣਿ ਰਬ ਦੀ, ਝੂਰੇਦੀ ਝੂਰੇਇ ॥੬੨॥ (ਹੇ ਭਾਈ!) ਪਾਣੀ ਦੀ ਸੜੀ ਖੇਤੀ ਹਰੀ ਨਹੀ ਹੁੰਦੀ, ਚਾਹੇ ਉਸ ਨੂੰ ਪਾਣੀ ਵਿਚ ਡੋਬ ਦਿਤਾ ਜਾਵੇ। ਫਰੀਦ ਜੀ ਕਹਿੰਦੇ ਹਨ ਕਿ (ਇਸੇ ਤਰ੍ਹਾਂ ਜੋ ਜੀਵ ਇਸਤ੍ਰੀ) ਰੱਬ ਦੀ ਦੁਹਾਗਣ (ਰੱਬ ਤੋਂ ਬੇ ਮੁੱਖ) ਹੈ, ਉਹ ਵਾਰ ਵਾਰ ਝੂਰਦੀ (ਦੁਖੀ) ਰਹਿੰਦੀ ਹੈ।੬੨।

ਪਦਾਰਥ = ਤਤੀ–ਸੜੀ ਹੋਈ। ਤੋਇ–ਪਾਣੀ। ਪਲਵੈ–ਹਰੀ ਭਰੀ; ਪ੍ਰਫੁਲਤ। ਜਲਿ–ਪਾਣੀ ਵਿਚ। ਟੁਬੀ–ਡੋਬਾ। ਡੋਹਾਗਣਿ–ਪਤੀ ਦੀ ਛੱਡੀ ਹੋਈ (ਰੱਬ ਤੋਂ ਬੇ ਮੁਖ); ਦੁਰ ਭਾਗਣ ਭਾਵ ਬੁਰੇ ਭਾਗਾਂ ਵਾਲੀ। ਝੂਰੇਦੀ ਝੂਰੇਇ–ਸਦਾ ਝੂਰਦੀ ਰਹਿੰਦੀ ਹੈ।੬੨।

ਵਿਆਖਿਆ = ਜੋ ਮਨੁੱਖ ਧਰਮ ਦੇ ਰਸਤੇ ਚਲਦਾ ਹੋਇਆ ਵਿਗੜ ਜਾਵੇ, ਉਸਦੇ ਸੁਧਰਨ ਦਾ ਕੋਈ ਉਪਾ ਨਹੀ। ਔੜ ਨਾਲ ਕੁਮਲਾਈ ਫਸਲ ਤਾਂ ਜਲ ਨਾਲ ਹਰੀ ਹੋ ਜਾਂਦੀ ਹੈ, ਪਰ ਬਹੁਤ ਜਿਆਦਾ ਜਲ ਨਾਲ ਸੜੀ ਖੇਤੀ, ਫਿਰ ਦੁਬਾਰਾ ਜਲ ਦੇਣ ਨਾਲ ਹਰੀ ਨਹੀ ਹੁੰਦੀ। ਤਿਵੇਂ ਧਰਮ ਹੀਣ ਪੁਰਖ ਤਾਂ ਸੰਗਤ ਕਰਨ ਨਾਲ ਸੁਧਰ ਜਾਂਦਾ ਹੈ, ਪਰ ਜੋ ਮਨੁੱਖ ਸੰਗਤ ਵਿਚ ਵਿਗੜ ਜਾਵੇ, ਉਹ ਮੁੜ ਸੜੀ ਖੇਤੀ ਵਾਂਗ ਨਿਸਫਲ ਜਾਂਦਾ ਹੈ (ਭਾ: ਵੀਰ ਸਿੰਘ)।੬੨।

ਜਾਂ ਕੁਆਰੀ ਤਾ ਚਾਉ, ਵੀਵਾਹੀ ਤਾਂ ਮਾਮਲੇ ॥ ਫਰੀਦਾ ਏਹੋ ਪਛੋਤਾਉ, ਵਤਿ ਕੁਆਰੀ ਨ ਥੀਐ ॥੬੩॥ ਜਦ ਲੜਕੀ ਕੁਆਰੀ ਹੁੰਦੀ ਹੈ, ਤਾਂ (ਸਹੇਲੀਆਂ ਦੇ ਵਿਆਹ ਹੁੰਦੇ ਦੇਖ ਕੇ ਮਨ ਵਿਚ ਚਾਉ ਉਠਦਾ ਹੈ ਕਿ ਮੈਂ ਵੀ ਇਕ ਦਿਨ ਵਿਆਹ ਕੇ ਪਤੀ ਦੇ ਘਰ ਜਾਵਾਂ) ਵਿਆਹ ਕਰਾਉਣ ਦਾ ਚਾਉ ਹੁੰਦਾ ਹੈ, ਜਦ ਵਿਆਹੀ ਜਾਂਦੀ ਹੈ ਤਾਂ (ਗ੍ਰਿਹਸਥੀ ਜੀਵਨ ਦੀ ਜਿੰਮੇਵਾਰੀਆਂ ਦੇ) ਜੰਜਾਲ ਗਲ ਪੈ ਜਾਂਦੇ ਹਨ।(ਕੁਆਰੀ ਵੇਲੇ ਮਾਪਿਆਂ ਦੇ ਘਰ ਜੋ ਬੇ ਫਿਕਰ ਰਹਿ ਕੇ ਖੁਸ਼ੀਆਂ ਮਾਣੀਆਂ, ਉਹ ਮੌਜਾਂ ਮੁੜ ਨਹੀ ਮਿਲ ਸਕਦੀਆਂ) ਫਰੀਦ ਜੀ ਕਹਿੰਦੇ ਹਨ, ਹੁਣ ਏਹ ਪਛਤਾਵਾ ਰਹਿੰਦਾ ਹੈ, ਕਿ ਮੁੜ ਕੁਆਰੀ ਨਹੀ ਹੋ ਸਕਦੀ (ਕੁਆਰੀ ਹੋਣਾ ਲੋਚਦੀ ਹੈ, ਉਹ ਬੇਫਿਕਰੀ ਵਾਲਾ ਸਮਾਂ ਫਿਰ ਮਿਲੇ)।੬੩।

ਪਦਾਰਥ = ਜਾਂ–ਜਦੋਂ। ਕੁਆਰੀ–ਅਣ ਵਿਆਹੀ। ਤਾ–ਤਾਂ; ਤਦ। ਚਾਉ–ਖੁਸ਼ੀ। ਵੀਵਾਹੀ–ਵਿਆਹੀ ਜਾਂਦੀ ਹੈ। ਮਾਮਲੇ–ਜੰਜਾਲ। ਵਤਿ –ਫਿਰ; ਮੁੜ। ਨ ਥੀਐ–ਨਹੀਂ ਹੁੰਦੀ।੬੩।

ਵਿਆਖਿਆ = ਦ੍ਰਿਸਟਾਂਤ ਦੇ ਕੇ ਲੱਛਣਾਂ ਰਾਹੀਂ ਸਮਝਾਇਆ ਹੈ। ਜਦ ਧਰਮ ਦੇ ਰਸਤੇ ਨਹੀ ਸੀ ਤੁਰੇ, ਤਾਂ ਦੂਜਿਆਂ ਧਰਮੀਆਂ ਨੂੰ ਦੇਖ ਕੇ ਮਨ ਵਿਚ ਚਾਉ ਉਠਦਾ ਸੀ ਕਿ ਮੈਂ ਵੀ ਗੁਰੂ ਵਾਲਾ ਹੋ ਕੇ ਧਾਰਮਕ ਜੀਵਨ ਜੀਵਾਂ {ਤਿਨਾ ਦੇਖਿ ਮਨਿ ਚਾਉ ਉਠੰਦਾ, ਹਉ ਕਦਿ ਪਾਈ ਗੁਣਤਾਸਾ ੭੦੩}। ਪਰ ਜਦ ਧਾਰਮਕ ਰਹਿਣੀ ਬਹਿਣੀ ਰਖਣੀ, ਬੰਦਗੀ ਅਤੇ ਗੁਰੂ ਦੀ ਸੇਵਾ ਔਖੀ ਪ੍ਰਤੀਤ ਹੁੰਦੀ ਹੈ ਤਾਂ ਇਸ ਕਠਨਾਈ ਵਿਚ ਪਹਿਲਾਂ ਜੋ ਯਾਰਾਂ ਵਿਚ ਮੌਜਾਂ ਮਾਣੀਆਂ ਸਨ, ਉਹ ਚੇਤੇ ਆਉਂਦੀਆਂ ਹਨ ਤੇ ਪਛਤਾਵਾ ਕਰਦਾ ਹਾਂ ਕਿ ਕੋਈ ਧਾਰਮਕ ਨੇਮ ਆਦਿ ਦੀ ਜਿੰਮੇਵਾਰੀ ਨਹੀਂ ਸੀ। ਪਰ ਛਡ ਵੀ ਨਹੀਂ ਸਕਦਾ, ਲੋਕਲਾਜ ਦਾ ਡਰ ਹੈ। ਜਿਵੇਂ ਪਿੱਲੀ ਇੱਟ ਪਛਤਾਵੇ ਕਿ ਜੇ ਕੱਚੀ ਹੁੰਦੀ ਤਾਂ ਚੰਗੀ ਸਾਂ, ਜੇ ਪੱਕ ਜਾਂਦੀ ਤਾਂ ਸਿਰੇ ਚੜ੍ਹ ਜਾਣਾ ਸੀ, ਵਿਚਲੀ ਹਾਲਤ ਠੀਕ ਨਹੀਂ। ਇਸੇ ਤਰ੍ਹਾਂ ਅਧ ਵਿਚਾਲੇ ਬੰਦਿਆ ਦੀ ਹਾਲਤ ਡਾਵਾਂ ਡੋਲ ਹੁੰਦੀ ਹੈ। ਪੱਕੇ ਸਾਧੂ ਤਾਂ ਕਰਮ ਧਰਮ ਦ੍ਰਿੜ੍ਹਤਾ ਨਾਲ ਕਰਦੇ ਹਨ। ਜਿਹੜੇ ਧਾਰਮਕ ਕਰਮ ਕਰਨ ਨਾਲ ਮਾਨਸਕ ਸ਼ਾਂਤੀ ਅਤੇ ਖੁਸ਼ੀ ਨਾ ਮਿਲੇ ਤਾਂ ਮਨੁੱਖ ਸੋਚਦਾ ਹੈ ਕਿ ਇਹਦੇ ਨਾਲੋਂ ਤਾਂ ਪਹਿਲਾਂ ਹੀ ਚੰਗੇ ਸਾਂ, ਕਿਉਂਕਿ ਹੁਣ

ਪਛਤਾਵਾ ਹੈ ਕਿ ਹੁਣ ਨਾਲੋਂ ਪਹਿਲਾਂ ਵਧੇਰੇ ਖੁਸ਼ੀ ਸੀ {ਕਬੀਰ ਜਿਨਹੁ ਕਿਛੂ ਜਾਨਿਆ ਨਹੀ, ਤਿਨ ਸੁਖ ਨੀਦ ਬਿਹਾਇ ੧੩੭੪ ਭਾਵ ਜਿਨ੍ਹਾਂ ਨੇ ਜੀਵਨ ਦੇ ਮਨੋਰਥ ਨੂੰ ਸਮਝਿਆ ਹੀ ਨਹੀਂ, ਉਨ੍ਹਾਂ ਦੀ ਜੀਵਨ ਰੂਪ ਰਾਤ ਸੁੱਖਾਂ ਦੀ ਨੀਂਦ ਵਿਚ ਵਿਅਰਥ ਬੀਤ ਜਾਂਦੀ ਹੈ}। ਜਿਵੇਂ ਲੜਕੀ ਨੂੰ ਪਤੀ ਦੇ ਘਰ ਜਾਕੇ ਮਾਨਸਿਕ ਅਨੰਦ ਨਾ ਮਿਲੇ, ਸੱਗੋਂ ਪਤੀ ਦੁਖੀ ਕਰੇ ਤਾਂ ਲੜਕੀ ਨੂੰ ਮਾਪਿਆਂ ਦਾ ਲਾਡ ਪਿਆਰ ਤੇ ਮਾਣੀਆਂ ਖੁਸ਼ੀਆਂ ਚੇਤੇ ਆਉਂਦੀਆਂ ਹਨ। ਪਰ ਪਛਤਾਉਂਦੀ ਹੈ ਕਿ ਉਹ ਸਮਾਂ ਮੁੜ ਨਹੀ ਮਿਲ ਸਕਦਾ (ਮੇਰਾ ਖਿਆਲ)। ੬੩।

ਕਲਰ ਕੇਰੀ ਛਪੜੀ, ਆਇ ਉਲਥੇ ਹੰਝ ॥ ਚਿੰਜੂ ਬੋੜਨਿ ਨਾ ਪੀਵਹਿ, ਉਡਣ ਸੰਦੀ ਡੰਝ ॥੬੪॥ ਕੱਲਰ ਦੀ ਛੱਪੜੀ ਰੂਪ ਕੁਸੰਗੀਆਂ ਦੇ ਪਿੰਡ ਵਿਚ ਜੇ ਕਿਤੇ ਸੁਭਾਵਕ ਹੀ ਹੰਸ ਰੂਪ ਸੰਤ ਆ ਉਤਰਨ। ਉਹ ਹੰਸ ਪਾਣੀ ਵਿਚ ਅਪਣੀ ਚੁੰਜ ਡੋਬਦੇ ਤਾਂ ਹਨ, ਪਰ ਖਾਰਾ ਪਾਣੀ ਜਾਣ ਕੇ ਪੀਂਦੇ ਨਹੀਂ, ਉਨ੍ਹਾਂ ਨੂੰ ਉਥੋਂ ਉਡਣ ਦੀ ਇੱਛਾ ਰਹਿੰਦੀ ਹੈ ਭਾਵ ਸੰਤ ਬਿਵਹਾਰ ਮਾਤ੍ਰ ਪਿੰਡ ਦੇ ਲੋਕਾਂ ਨਾਲ ਵਰਤਦੇ ਤਾਂ ਹਨ ਪਰ ਜਦ ਵਰਤ ਕੇ ਨਿਰਣਾ ਕਰ ਲੈਂਦੇ ਹਨ ਕਿ ਇਹ ਕੁਸੰਗੀ ਹਨ, ਤਾਂ ਉਥੋਂ ਚਲੇ ਜਾਣ ਦੀ ਇੱਛਾ ਰਹਿੰਦੀ ਹੈ। ੬੪।

ਪਦਾਰਥ = ਕੇਰੀ–ਦੀ। ਆਇ ਉਲਥੇ–ਆ ਉਤਰਨ। ਹੰਝ–ਹੰਸ। ਚਿੰਜੂ–ਚੁੰਜ। ਬੋੜਨਿ–ਡੋਬਦੇ। ਸੰਦੀ–ਦੀ। ਡੰਝ–ਇੱਛਾ। ੬੪।

ਵਿਆਖਿਆ = ਕੁਸੰਗੀਆਂ ਜਾਂ ਮਨਮਤੀਆਂ ਦੀ ਸੰਗਤ ਵਿਚ ਸੰਤ ਜੇ ਆ ਜਾਣ ਤਾਂ ਨਿਰਣਾ ਕਰ ਕੇ (ਕੁਸੰਗੀਆਂ ਦਾ) ਅਸਰ ਨਹੀ ਕਬੂਲਦੇ। ਉਥੋਂ ਗੁਰਮੁਖਾਂ ਦੀ ਸੰਗਤ ਵਿਚ ਚਲੇ ਜਾਂਦੇ ਹਨ। ੬੪।

ਹੰਸੁ ਉਡਰਿ ਕੋਧ੍ਰੈ ਪਇਆ, ਲੋਕੁ ਵਿਡਾਰਣਿ ਜਾਇ ॥ ਗਹਿਲਾ ਲੋਕੁ ਨ ਜਾਣਦਾ, ਹੰਸੁ ਨ ਕੋਧ੍ਰਾ ਖਾਇ ॥੬੫॥ (ਜਿਵੇਂ ਇਕ ਵਾਰੀ) ਹੰਸ ਉਡ ਕੇ ਕੋਧਰੇ ਦੇ ਖੇਤ ਵਿਚ ਜਾ ਬੈਠਾ, ਜਗਤ ਉਸ ਨੂੰ ਉਡਾਉਣ ਜਾਂਦਾ ਹੈ (ਤਾਂ ਕਿ ਹੰਸ ਕੋਧਰਾ ਨਾ ਖਾ ਜਾਵੇ, ਖੇਤ ਨਾ ਉਜਾੜ ਦੇਣ। ਪਰ) ਬੇ ਸਮਝ ਲੋਕ ਨਹੀ ਜਾਣਦੇ ਕਿ ਹੰਸ ਕੋਧ੍ਰਾ ਨਹੀਂ ਖਾਂਦਾ। ੬੫।

ਪਦਾਰਥ = ਉਡਰਿ–ਉਡ ਕੇ। ਕੋਧ੍ਰੈ–ਇਕ ਤਰ੍ਹਾਂ ਦਾ ਬਾਥੂ ਵਰਗਾ ਘਾਹ ਜਿਸਦੇ ਦਾਣੇ ਉਬਾਲ ਜਾਂ ਪੀਹ ਕੇ ਲੋਕ ਖਾਂਦੇ ਹਨ (ਗੁਜਰਾਤ ਤੇ ਰਾਵਲ ਪਿੰਡੀ ਦੇ ਇਲਾਕੇ ਵਿਚ ਹੁੰਦਾ ਹੈ)। ਪਇਆ–ਪਿਆ (ਬੈਠਾ)। ਲੋਕੁ–ਜਗਤ (ਲੋਕਾਂ ਦਾਂ ਸਮੂੰਹ)। ਵਿਡਾਰਣਿ–ਉਡਾਉਣ; ਹਟਾਉਣ। ਗਹਿਲਾ ਲੋਕ–ਬੇ ਸਮਝ ਜਗਤ। ੬੫।

ਵਿਆਖਿਆ = ਜੇ ਤਤ ਵੇਤਾ ਪੁਰਖ ਪਿੰਡ ਦੇ ਕਿਸੇ ਸਥਾਨ ਤੇ ਜਾ ਬੈਠਣ ਤਾਂ ਪਿੰਡ ਦੇ ਲੋਕ ਹਟਾਉਣ ਲਈ ਜਾਂਦੇ ਹਨ। ਕਿਤੇ ਇਹ ਸੰਤ ਸਥਾਨ ਤੇ ਕਬਜਾ ਨਾ ਕਰ ਲੈਣ, ਜਾਂ ਪਿੰਡ ਦਾ ਧਨ ਪਦਾਰਥ ਲੁਟ ਨਾ ਲੈਣ। ਪਰ ਮੂਰਖ ਲੋਕ ਨਹੀ ਜਾਣਦੇ ਕਿ ਸੰਤਾਂ ਦੀ ਖੁਰਾਕ ਨਾਮ ਰੂਪ ਮੋਤੀ ਹੈ, ਧਨ ਪਦਾਰਥ ਰੂਪ ਕੋਧਰਾ ਖਾਂਦੇ ਹੀ ਨਹੀ। ੬੫।

ਚਲਿ ਚਲਿ ਗਈਆਂ ਪੰਖੀਆਂ, ਜਿਨੀ ਵਸਾਏ ਤਲ ॥ ਫਰੀਦਾ ਸਰੁ ਭਰਿਆ ਭੀ ਚਲਸੀ, ਥਕੇ ਕਵਲ ਇਕਲ ॥੬੬॥ ਜਿਨ੍ਹਾਂ ਰਾਜਿਆਂ ਨੇ ਸਮੁੰਦਰ ਦੇ ਤਲ ਤਕ (ਅਪਣੇ ਰਾਜ ਦੀ ਵੱਸੋਂ) ਵਸਾ ਲਈ ਸੀ, ਉਹ ਸੰਸਾਰ ਤੋਂ ਇਉਂ ਚਲੇ ਗਏ, ਜਿਵੇਂ ਪੰਛੀਆਂ ਦੀਆਂ ਡਾਰਾਂ ਚਲੇ ਜਾਂਦੀਆਂ ਹਨ (ਬਹੁਤ ਸਾਰੇ ਰਾਜੇ ਸੰਸਾਰ ਤੋਂ ਚਲੇ ਗਏ, ਜਿਹੜੇ ਧਰਤੀ ਤੇ ਅਪਣਾ ਰਾਜ ਜਮਾਈ ਬੈਠੇ ਸਨ। ਕਿਸੇ ਨੂੰ ਇੰਚ ਭਰ ਥਾਂ ਨਹੀ ਸੀ ਦੇਂਦੇ)। ਫਰੀਦ ਜੀ ਆਖਦੇ ਹਨ ਕਿ ਜੀਵ ਜੰਤੂਆਂ ਰੂਪ ਪਾਣੀ ਨਾਲ ਭਰਿਆ ਸੰਸਾਰ ਰੂਪ ਸਰੋਵਰ ਵੀ ਚਲਾ (ਨਾਸ਼ ਹੋ) ਜਾਏਗਾ (ਪਿੱਛੇ ਕੇਵਲ) ਕੰਵਲ ਰੂਪ ਸੰਤ ਟਿਕੇ ਰਹਿਣਗੇ। ੬੬।

ਪਦਾਰਥ = ਚਲਿ ਚਲਿ–(ਆਪੋ ਅਪਣੀ ਵਾਰੀ) ਚਲੇ ਗਈਆਂ। ਪੰਖੀਆਂ–ਪੰਛੀਆਂ ਦੀਆਂ ਡਾਰਾਂ (ਰਾਜੇ)। ਜਿਨੀ–ਜਿਨ੍ਹਾਂ ਨੇ। ਤਲ–(ਧਰਤੀ ਦਾ) ਤਲਾ; ਥਲ; ਦੇਸ਼। ਸਰੁ–ਸੰਸਾਰ ਰੂਪ ਸਮੁੰਦਰ। ਭੀ ਚਲਸੀ–ਵੀ ਨਾਸ਼ ਹੋ ਜਾਵੇਗਾ। ਥਕੇ–ਰਹਿ ਜਾਣਗੇ। ਕਵਲ ਇਕਲ–ਕਮਲ ਫੁੱਲ ਵਾਂਗ ਨਿਰਲੇਪ ਸੰਤ ਰਹਿ ਜਾਣਗੇ। ੬੬।

ਵਿਆਖਿਆ = ਫਰੀਦ ਜੀ ਪਰਲੋ (ਕਿਆਮਤ) ਦੇ ਸਮੇਂ ਦਾ ਜਿਕਰ ਕਰਦੇ ਹਨ, ਜਦ ਇਕ ਰੱਬ ਤੋਂ ਬਿਨਾ ਸਭ ਕੁਛ ਨਾਸ਼ ਹੋ ਜਾਂਦਾ ਹੈ। ਵਾਸਤਵ ਵਿਚ ਸਾਰਾ ਸੰਸਾਰ ਨਾਸ਼ ਹੋ ਜਾਂਦਾ ਹੈ, ਕੰਵਲ ਫੁੱਲ ਦੀ ਨਿਆਈਂ ਨਿਰਲੇਪ ਪ੍ਰਭੂ ,ਨਾਮ ਅਤੇ ਸੰਤ ਸਦਾ ਕਾਇਮ ਰਹਿੰਦੇ ਹਨ। ੬੬। ਨਾਮੁ ਰਹਿਓ ਸਾਧੂ ਰਹਿਓ, ਰਹਿਓ ਗੁਰੁ ਗੋਬਿੰਦੁ। (੧੪੨੯)

ਉਥਾਨਕਾ ਃ– ਫਰੀਦ ਜੀ ਘੋਰ ਤਪੱਸਿਆ ਕਰਦੇ, ਸਰੀਰ ਨੂੰ ਬੜਾ ਕਸ਼ਟ ਦੇਂਦੇ ਸਨ। ਇਕ ਵਾਰ ਉਣੀਂਦਰੇ ਹੋਣ ਕਰਕੇ ਸਿਰ੍ਹਾਣੇ ਇੱਟ ਰੱਖ ਕੇ ਬੜੀ ਡੂੰਘੀ ਨੀਂਦ ਵਿਚ ਸੌਂ ਗਏ। ਸੁੱਤੇ ਪਿਆਂ ਦੇ ਕਿਤੇ ਸੱਪ ਡੱਸ ਗਿਆ, ਪਰ ਸੱਪ ਬਹੁਤਾ ਜਹਿਰੀਲਾ ਨਹੀ ਹੋਣਾ। ਆਪ ਜੀ ਦੀ ਜਾਗ ਖੁਲ੍ਹੀ ਤਾਂ ਸੱਪ ਦੇ ਡੰਗ ਦੀ ਪੀੜ ਮਹਿਸੂਸ ਹੁੰਦੀ ਹੈ। ਤਦ ਫਰੀਦ ਜੀ ਅਪਣੀ ਭੁੱਲ ਤੇ ਪਛਤਾਏ ਕਿ ਇਤਨਾ ਚਿਰ ਸਾਂਈ ਨੂੰ ਭੁੱਲ ਕੇ ਸੁਤਾ ਪਿਆ ਰਿਹਾ। ਉਸ ਸਮੇਂ ਆਪ ਨੇ ਇਹ ਸਲੋਕ ਉਚਾਰਿਆ।

ਫਰੀਦਾ ਇਟ ਸਿਰਾਣੇ ਭੁਇ ਸਵਣੁ, ਕੀੜਾ ਲੜਿਓ ਮਾਸਿ ॥ ਕੇਤੜਿਆ ਜੁਗ ਵਾਪਰੇ, ਇਕਤੁ ਪਇਆ ਪਾਸਿ ॥ ੬੭॥ ਹੇ ਫਰੀਦ! ਜਦ ਸਰੀਰ ਨੂੰ ਜਮ ਰੂਪ ਕੀੜਾ (ਸੱਪ) ਲੜੇਗਾ ਤਾਂ ਕਬਰ ਵਿਚ ਸਿਰ੍ਹਾਣੇ ਇੱਟ ਰਖ ਕੇ ਭੁੰਞੇ ਸੌਣਾ ਹੋਵੇਗਾ (ਕਬਰ ਵਿਚ ਪਿਆ ਰਹੇਂਗਾ); ਅੰਤ ਸਮੇਂ ਮਰਨ ਤੋਂ ਬਾਦ ਕਬਰ ਵਿਚ ਸਿਰ੍ਹਾਣੇ ਇੱਟ ਰੱਖ ਕੇ ਜਮੀਨ ਤੇ ਸੌਣਾ ਹੋਵੇਗਾ ਤੇ ਸਰੀਰ ਦੇ ਮਾਸ ਨੂੰ ਕੀੜੇ

ਲੜਨਗੇ (ਖਾ ਲੈਣਗੇ) {ਰਹੈ ਕਿਰਮ ਦਲ ਖਾਈ ੬੫੪}।ਕਬਰ ਵਿਚ ਇਕੋ ਹੀ ਪਾਸੇ ਪਿਆਂ ਕਈ ਜੁਗ ਬੀਤ ਜਾਣਗੇ; ਜਿਸ ਵੇਲੇ ਮੈਂ ਸਿਰ੍ਹਾਣੇ ਇਟ ਰੱਖ ਕੇ ਸੌਂ ਗਿਆ ਤਾਂ ਸੱਪ ਨੇ ਮੇਰੇ ਸਰੀਰ ਦੇ ਮਾਸ ਤੇ ਡੰਗ ਮਾਰਿਆ (ਸ਼ੁਕਰ ਹੈ ਕੀੜੇ ਦਾ, ਜੋ ਨੀਂਦ ਵਿਚੋਂ ਜਗਾ ਦਿਤਾ ਹੈ, ਕਿਉਕਿ ਬੇਪ੍ਰਵਾਹ ਹੋ ਕੇ ਸੁੱਤਾ ਪਿਆ ਸੀ)।ਇਕ ਪਾਸੇ ਪਿਆਂ ਕਿੰਨਾ ਸਮਾਂ ਬੀਤ ਗਿਆ (ਫਰੀਦ ਜੀ ਨੂੰ ਸੁੱਤੇ ਪਿਆਂ ਦਾ ਸਮਾਂ ਰੱਬ ਦੇ ਵਿਛੋੜੇ ਵਿਚ ਕਈ ਜੁੱਗ ਦਾ ਪ੍ਰਤੀਤ ਹੁੰਦਾ ਹੈ)।੬੭।ਚਾਰਿ ਪਹਰ ਚਹੁ ਜੁਗਹ ਸਮਾਨੇ। (੩੭੫)

ਪਦਾਰਥ = ਭੁਇ–ਭੁੰਞੇ।ਸਵਣੁ–ਸੌਣਾ।ਕੀੜਾ–(ਪੇਂਡੂ ਬੋਲੀ ਵਿਚ ਸੱਪ ਨੂੰ ਵੀ ਕੀੜਾ ਆਖਦੇ ਹਨ; ਕਬਰ ਵਿਚ) ਕੀੜੇ ਖਾਂਦੇ ਹਨ। ਮਾਸਿ–(ਸਰੀਰ ਦੇ) ਮਾਸ ਤੇ।ਕੇਤੜਿਆ–ਕਿੰਨੇ ਹੀ (ਬਹੁਤ)।ਵਾਪਰੇ–ਲੰਘ ਗਏ।ਇਕਤੁ–ਇਕੋ।ਪਾਸਿ–ਪਾਸੇ।੬੭।

ਵਿਆਖਿਆ = ਫਰੀਦ ਜੀ ਕਬਰ ਵਿਚ ਪਏ ਮੁਰਦਾ ਮਨੁੱਖ ਦਾ ਨਕਸ਼ਾ ਖਿੱਚਦੇ ਹਨ।ਕਿਆਮਤ ਤਕ ਇਕੋ ਪਾਸੇ ਸੁਤਾ ਪਿਆ ਰਹੇਂਗਾ (ਇਸਲਾਮੀ ਮੱਤ ਅਨੁਸਾਰ)।ਹੁਣ ਇਸ ਜਨਮ ਵਿਚ ਬੇ ਪ੍ਰਵਾਹ ਹੋ ਕੇ ਐਵੇਂ ਸੁੱਤਾ ਨਾ ਰਹਿ, ਬੰਦਗੀ ਕਰ, ਤਾਂ ਕਿ ਰੱਬ ਦੀ ਦਰਗਾਹ ਵਿਚ ਪੁੱਜਣ ਲਈ ਕਿਆਮਤ ਤਕ ਰੂਹ ਨੂੰ ਨਾ ਉਡੀਕਣਾ ਪਵੇ।੬੭।

ਫਰੀਦਾ ਭੰਨੀ ਘੜੀ ਸਵੰਨਵੀ, ਟੂਟੀ ਨਾਗਰ ਲਜੁ ॥ ਅਜਰਾਈਲੁ ਫਰੇਸਤਾ, ਕੈ ਘਰਿ ਨਾਠੀ ਅਜੁ ॥੬੮॥ ਫਰੀਦ ਜੀ ਕਹਿੰਦੇ ਹਨ ਕਿ (ਮਨੁੱਖ ਦੀ) ਸੁਆਸਾਂ ਦੀ ਸੁੰਦਰ ਲੱਜ ਟੁੱਟਣ ਟੁੱਟ ਗਈ ਹੈ, (ਜਿਸ ਕਰਕੇ) ਸੋਹਣੇ ਰੰਗ ਵਾਲੀ ਸੁੰਦਰ ਦੇਹ ਰੂਪ ਘੜੀ ਭੱਜ (ਮਰ) ਗਈ ਹੈ।(ਦੇਖੋ ਮੌਤ ਦਾ) ਫਰਿਸਤਾ ਅਜਰਾਈਲ ਅਜ ਕਿਸ ਦੇ ਘਰ ਪ੍ਰਾਹੁਣਾ (ਬਣਿਆ) ਹੈ?।੬੮।

ਪਦਾਰਥ = ਭੰਨੀ–ਟੁੱਟ ਗਈ।ਘੜੀ–ਸਰੀਰ ਰੂਪ ਘੜੀ (ਛੋਟਾ ਘੜਾ); ਭਾਂਡਾ।ਸਵੰਨਵੀ–ਸੋਹਣੇ ਰੰਗ ਵਾਲੀ।ਨਾਗਰੁ–ਸੁੰਦਰ। ਲਜੁ–ਰੱਸੀ (ਸੁਆਸਾਂ ਦੀ)।ਕੈ–ਕਿਸ ਦੇ।ਨਾਠੀ–ਪ੍ਰਾਹੁਣਾ (ਜਮ)।ਸਿੰਧੀ ਵਿਚ ਨਾਠੀ ਜੁਆਈ ਨੂੰ ਆਖਦੇ ਹਨ।੬੮।

ਫਰੀਦਾ ਭੰਨੀ ਘੜੀ ਸਵੰਨਵੀ, ਟੂਟੀ ਨਾਗਰ ਲਜੁ ॥ ਜੋ ਸਜਣ ਭੁਇ ਭਾਰੁ ਥੇ, ਸੇ ਕਿਉ ਆਵਹਿ ਅਜੁ ॥੬੯॥ (ਉਪਰਲੀ ਤੁਕ ਵਾਲਾ ਹੀ ਅਰਥ ਹੈ)।ਜਿਹੜੇ ਸੱਜਣ (ਜੁਲਮ ਕਰਨ ਕਰਕੇ) ਧਰਤੀ ਤੇ ਬੋਝ ਸਨ, ਉਹ ਅਜ ਕਿਵੇਂ (ਮੁੜ) ਆਉਂਣਗੇ? (ਦੁਨੀਆਂ ਵਿਚ ਮੁੜ ਜਨਮ ਨਹੀਂ ਹੋਣਾ, ਇਸਲਾਮੀ ਖਿਆਲ ਅਨੁਸਾਰ ਮਨੁੱਖ ਮੁੜ ਜਨਮ ਨਹੀ ਲੈਂਦਾ)।੬੯।

ਪਦਾਰਥ = ਜੋ–ਜਿਹੜੇ।ਭੁਇ–ਜਮੀਨ (ਧਰਤੀ) ਤੇ।ਭਾਰੁ ਥੇ–ਬੋਝ ਸਨ।ਸੇ–ਉਹ।ਆਵਹਿ–ਆਉਣਗੇ।੬੯।

ਵਿਆਖਿਆ = ਰਾਜਾ ਮੋਕਲ ਦੇਵ ਨੇ ਮੋਕਲ ਨਗਰ ਵਸਾਇਆ।ਕਿਲਾ ਬਣਾਉਣ ਲਈ ਬਹੁਤ ਲੋਕ ਵਗਾਰ ਲਈ ਫੜ ਲਏ।ਫਰੀਦ ਜੀ ਵੀ ਫੜੇ ਗਏ।ਰਾਜੇ ਦਾ ਜੁਲਮ ਦੇਖ ਕੇ ਫਰੀਦ ਜੀ ਨੇ (ਕਿਸੇ ਮਰੇ ਹੋਏ ਬੰਦੇ ਦੀ ਮਿਸਾਲ ਦੇ ਕੇ) ਇਹ ਦੋ ਸਲੋਕ ਉਚਾਰੇ।ਰਾਜੇ ਨੂੰ ਸਿਖਿਆ ਦਿਤੀ ਕਿ ਜਿਵੇਂ ਖੂਹ ਵਿਚ ਪਾਣੀ ਭਰਦੇ ਦੀ ਰੱਸੀ ਟੁੱਟ ਕੇ ਘੜੀ ਵੀ ਟੁੱਟ ਜਾਵੇ, ਇਸੇ ਤਰ੍ਹਾਂ ਇਕ ਦਿਨ ਮਨੁੱਖ ਦੀ ਵੀ ਸੁਆਸਾਂ ਵਾਲੀ ਦੇਹ ਭੱਜ ਜਾਏਗੀ।ਲੋਕਾਂ ਨੂੰ ਤੰਗ ਕਰਕੇ ਦੁਨੀਆਂ ਤੇ ਭਾਰ ਨਾ ਬਣ।ਰਾਜੇ ਤੇ ਅਸਰ ਹੋਇਆ, ਮੋਕਲ ਨਗਰ ਦਾ ਨਾਮ ਫਰੀਦ ਜੀ ਦੇ ਨਾਮ ਤੇ ਫਰੀਦ ਕੋਟ ਰਖਿਆ।੬੯।

ਫਰੀਦਾ ਬੇ ਨਿਵਾਜਾ ਕੁਤਿਆ, ਏਹ ਨ ਭਲੀ ਰੀਤਿ ॥ ਕਬ ਹੀ ਚਲਿ ਨ ਆਇਆ, ਪੰਜੇ ਵਖਤ ਮਸੀਤਿ ॥੭੦॥ ਫਰੀਦ ਜੀ ਆਖ ਰਹੇ ਹਨ, ਹੇ ਨਿਮਾਜ ਹੀਣ ਕੁੱਤੇ ਮਨੁੱਖ! (ਤੇਰੇ ਲਈ ਜੀਵਨ ਜਿਉਣ ਵਾਲੀ) ਏਹ ਚੰਗੀ ਰੀਤੀ ਨਹੀ ਹੈ।ਨਮਾਜ ਦੇ ਪੰਜਾਂ ਵਕਤਾਂ ਵਿਚੋਂ ਤੂੰ ਕਦੇ ਵੀ ਮਸੀਤ ਵਿਚ ਨਹੀ ਚਲ ਕੇ ਆਇਆ।੭੦।

ਪਦਾਰਥ = ਬੇ ਨਿਵਾਜਾ–ਨਿਮਾਜ ਨਾ ਪੜ੍ਹਨ ਵਾਲਾ।ਭਲੀ–ਚੰਗੀ।ਰੀਤਿ–ਤਰੀਕਾ; ਜੁਗਤੀ।ਕਬ ਹੀ–ਕਦੇ ਵੀ।ਪੰਜੇ ਵਖਤ–ਪੰਜ ਨਿਮਾਜਾਂ ਪੜ੍ਹਨ ਵੇਲੇ।ਮਸੀਤਿ–ਮਸੀ ਵਿਚ।੭੦।

ਵਿਆਖਿਆ = ਆਪੋ ਅਪਣੇ ਧਰਮ ਦੀ ਸਿਖਿਆ ਅਨੁਸਾਰ ਚਲਣਾ ਚਾਹੀਦਾ ਹੈ।ਇਸਲਾਮ ਵਿਚ ਪੰਜ ਨਿਮਾਜਾਂ ਪੜ੍ਹਨੀਆਂ ਜਰੂਰੀ ਹਨ।ਨਿਮਾਜ ਨਾ ਪੜ੍ਹਨ ਵਾਲੇ ਨੂੰ ਆਪ ਕੁੱਤੇ ਦੀ ਨਿਆਂਈਂ ਦਸਦੇ ਹਨ।ਰੱਬ ਦੀ ਬੰਦਗੀ ਲਈ ਸਮਾਂ ਜਰੂਰ ਕੱਢਣਾ ਚਾਹੀਦਾ ਹੈ।

ਉਠੁ ਫਰੀਦਾ ਉਜੂ ਸਾਜਿ, ਸੁਬਹ ਨਿਵਾਜ ਗੁਜਾਰਿ ॥ ਜੋ ਸਿਰੁ ਸਾਂਈ ਨਾ ਨਿਵੈ, ਸੋ ਸਿਰੁ ਕਪਿ ਉਤਾਰਿ ॥੭੧॥ ਫਰੀਦ ਜੀ ਆਖਦੇ ਹਨ, ਹੇ ਭਾਈ! ਸਵੇਰ ਵੇਲੇ ਤੂੰ ਉਠ, ਉਜੂ (ਪੰਜ ਸ਼ਨਾਨਾ) ਕਰ ਅਤੇ ਫਿਰ ਨਿਮਾਜ ਅਦਾ ਕਰ।ਜੋ ਸਿਰ ਖੁਦਾ ਅੱਗੇ ਨਹੀ ਝੁਕਦਾ, ਉਸ ਨੂੰ ਕੱਟ ਕੇ ਉਤਾਰ ਦੇਹ।੭੧।(ਰੱਬ ਦੀ ਬੰਦਗੀ ਤੋਂ ਬਿਨਾ ਮਨੁੱਖਾ ਜੀਵਨ ਨਿਸਫਲ ਹੈ)

ਪਦਾਰਥ = ਉਠਿ–ਉਠ (ਜਾਗ) ਕੇ।ਉਜੂ ਸਾਜਿ–ਉਜੂ ਕਰ (ਕੂਹਣੀਆਂ ਤਕ ਬਾਹਾਂ, ਗੋਡਿਆ ਤਕ ਲੱਤਾਂ ਧੋਣੀਆਂ, ਮੂੰਹ ਧੋਣਾ, ਕੁਰਲੀ ਆਦਿ ਕਰਨੀ।ਪੰਜ ਇਸ਼ਨਾਨਾ)।ਸੁਬਹ–ਸਵੇਰ ਵੇਲੇ।ਗੁਜਾਰਿ–ਅਦਾ ਕਰ।ਨਾ ਨਿਵੈ–ਨਹੀਂ ਝੁਕਦਾ।ਕਪਿ–ਕੱਟ ਕੇ।੭੧।

ਜੋ ਸਿਰੁ ਸਾਈ ਨਾ ਨਿਵੈ, ਸੋ ਸਿਰੁ ਕੀਜੈ ਕਾਂਇ ॥ ਕੁੰਨੇ ਹੇਠਿ ਜਲਾਈਐ, ਬਾਲਣ ਸੰਦੈ ਥਾਇ ॥੭੨॥ ਜਿਹੜਾ ਸਿਰ ਸਾਂਈ ਅੱਗੇ ਨਹੀ ਝੁਕਦਾ, ਉਹ ਸਿਰ ਕੀ ਕਰਨਾ ਹੈ? ਭਾਵ ਵਿਅਰਥ ਹੈ।(ਅਜੇਹੇ ਸਿਰ ਨੂੰ) ਬਾਲਣ ਦੀ ਜਗ੍ਹਾ ਤੌੜੀ ਦੇ ਹੇਠ ਜਲਾ ਦੇਣਾ ਚਾਹੀਦਾ ਹੈ।੭੨।

ਪਦਾਰਥ = ਸਾਈ–ਰੱਬ ਅੱਗੇ।ਨਾ ਨਿਵੈ–ਨਹੀਂ ਝੁਕਦਾ।ਸੋ–ਉਹ।ਕੀਜੈ ਕਾਂਇ–ਕੀ ਕਰੀਏ?।ਕੁੰਨੇ–ਤੌੜੀ।ਸੰਦੈ ਥਾਇ–ਦੇ ਥਾਂ।

੭੨। ਧ੍ਰਿਗ ਸਿਰੁ ਜੋ ਗੁਰ ਨ ਨਿਵੈ, ਗੁਰ ਲਗੈ ਨ ਚਰਣੀ। (ਭਾ: ਗੁ: ਵਾਰ ੨੭)
ਵਿਆਖਿਆ = ਮੁਸਲਮਾਨ ਮਰੇ ਸਰੀਰ ਨੂੰ ਅੱਗ ਵਿਚ ਜਾਲਨਾ ਬੁਰਾ ਮੰਨਦੇ ਹਨ, ਤੌੜੀ ਥੱਲੇ ਜਾਲਣ ਤੇ ਕਿਸੇ ਕੰਮ ਤਾਂ ਆ ਜਾਏਗਾ ।ਅਜੇਹੇ ਸਿਰ ਨੂੰ ਸੁੱਕੀ ਲੱਕੜੀ ਸਮਝ ਜਾਲ ਦੇਣਾ ਹੀ ਯੋਗ ਹੈ।

ਫਰੀਦਾ ਕਿਥੈ ਤੈਡੇ ਮਾਪਿਆ, ਜਿਨੀ ਤੂ ਜਣਿਓਹਿ ॥ ਤੈ ਪਾਸਹੁ ਓਇ ਲਦਿ ਗਏ, ਤੂ ਅਜੈ ਨ ਪਤੀਣੋਹਿ ॥੭੩॥ ਹੇ ਫਰੀਦ! ਤੇਰੇ ਮਾਪੇ ਕਿਥੇ ਹਨ? ਜਿਨ੍ਹਾਂ ਨੇ ਤੈਨੂੰ ਪੈਦਾ ਕੀਤਾ ਸੀ।ਉਹ ਤੇਰੇ ਕੋਲੋਂ (ਸਮੇਂ ਅਨੁਸਾਰ ਉਮਰ ਭੋਗ ਕੇ) ਚਲੇ ਗਏ ਹਨ, ਪਰ ਤੈਨੂੰ ਅਜੇ ਤਕ ਵੀ ਭਰੋਸਾ ਨਹੀ ਹੋਇਆ (ਕਿ ਮੈਂ ਵੀ ਮਰ ਜਾਣਾ ਹੈ)।੭੩।
ਪਦਾਰਥ = ਤੈਡੇ-ਤੇਰੇ।ਮਾਪਿਆ-ਮਾਂ ਬਾਪ।ਜਿਨੀ-ਜਿਨ੍ਹਾਂ ਨੇ।ਜਣਿਓਹਿ-ਪੈਦਾ ਕੀਤਾ।ਤੈ ਪਾਸਹੁ-ਤੇਰੇ ਪਾਸੋਂ।ਓਇ-ਉਹ।ਲਦਿ ਗਏ-ਚਲੇ ਗਏ।ਅਜੈ-ਅਜੇ ਵੀ।ਪਤੀਣੋਹਿ-ਭਰੋਸਾ।੭੩।

ਫਰੀਦਾ ਮਨੁ ਮੈਦਾਨੁ ਕਰਿ, ਟੋਏ ਟਿਬੇ ਲਾਹਿ ॥ ਅਗੈ ਮੂਲਿ ਨ ਆਵਸੀ, ਦੋਜਕ ਸੰਦੀ ਭਾਹਿ ॥੭੪॥ ਹੇ ਫਰੀਦ! ਟੋਏ ਟਿੱਬੇ ਢਾਹ ਕੇ ਮਨ ਨੂੰ ਮੈਦਾਨ ਵਾਂਗ ਪੱਧਰਾ ਕਰ ਲੈ ਭਾਵ ਅਪਣੇ ਆਪ ਨੂੰ ਉਚਾ ਅਤੇ ਦੂਜਿਆਂ ਨੂੰ ਨੀਵਾਂ ਦੇਖਣ ਦੀ ਆਦਤ ਦੂਰ ਕਰ ਦੇਹ। (ਫਿਰ) ਤੇਰੇ ਅੱਗੇ ਨਰਕਾਂ ਦੀ ਅੱਗ ਉਕਾ ਹੀ ਨਹੀ ਆਵੇਗੀ (ਨਰਕਾਂ ਵਿਚ ਨਹੀ ਪਵੇਂਗਾ)।੭੪।
ਪਦਾਰਥ = ਮੈਦਾਨੁ ਕਰਿ-ਪੱਧਰਾ ਸਾਫ ਸੁਥਰਾ ਕਰ ਲੈ (ਮੈਦਾਨ ਵਿਚ ਟੋਏ ਟਿੱਬੇ ਨਹੀ ਹੁੰਦੇ)।ਟੋਏ ਟਿਬੇ-ਆਪ ਨੂੰ ਵੱਡਾ ਤੇ ਦੂਜੇ ਨੂੰ ਛੋਟਾ ਜਾਣਨਾ; ਹੰਕਾਰ ਤੇ ਕੁਟਲਤਾ; ਵਿਥਾਂ ਵਖੇਵੇਂ।ਲਾਹਿ-ਦੂਰ ਕਰ ਦੇਹ।ਅਗੈ-(ਤੇਰੇ) ਅੱਗੇ।ਮੂਲਿ-ਉਕਾ ਹੀ।ਨ ਆਵਸੀ-ਨਹੀਂ ਆਵੇਗੀ।ਦੋਜਕ ਸੰਦੀ-ਨਰਕਾਂ ਦੀ।ਭਾਹਿ-ਅੱਗ।੭੪।

ਅਗਲੇ ਸਲੋਕ ਵਿਚ ਟੋਏ ਟਿੱਬਿਆਂ ਦੇ ਭਾਵ ਨੂੰ ਗੁਰੂ ਅਰਜਨ ਦੇਵ ਜੀ ਖੋਲ੍ਹ ਕੇ ਲਿਖਦੇ ਹਨ।

ਮਹਲਾ ੫ ॥ ਫਰੀਦਾ ਖਾਲਕੁ ਖਲਕ ਮਹਿ, ਖਲਕ ਵਸੈ ਰਬ ਮਾਹਿ ॥ ਮੰਦਾ ਕਿਸ ਨੋ ਆਖੀਐ, ਜਾਂ ਤਿਸੁ ਬਿਨੁ ਕੋਈ ਨਾਹਿ ॥੭੫॥ ਗੁਰੂ ਅਰਜਨ ਦੇਵ ਜੀ ਆਖਦੇ ਹਨ, ਹੇ ਫਰੀਦ! ਰੱਬ ਸ੍ਰਿਸਟੀ ਵਿਚ ਵਸਦਾ ਹੈ ਅਤੇ ਸ੍ਰਿਸਟੀ ਰੱਬ ਵਿਚ ਵਸਦੀ ਹੈ (ਜਿਵੇਂ ਸੋਨੇ ਦੇ ਗਹਿਣਿਆ ਵਿਚ ਸੋਨਾ ਤੇ ਸੋਨੇ ਵਿਚ ਗਹਿਣੇ)।ਬੁਰਾ ਕਿਸ ਨੂੰ ਆਖੀਏ? ਜਦ ਉਸ (ਰੱਬ) ਤੋਂ ਬਿਨਾ ਕੋਈ ਹੈ ਹੀ ਨਹੀਂ।੭੫।
ਪਦਾਰਥ = ਖਾਲਕੁ-ਸ੍ਰਿਸਟੀ ਨੂੰ ਪੈਦਾ ਕਰਨ ਵਾਲਾ ਕਰਤਾਰ।ਖਲਕ ਮਹਿ-ਸ੍ਰਿਸਟੀ ਵਿਚ।ਜਾਂ-ਜਦ।੭੫।
ਵਿਆਖਿਆ = ਜਦ ਮਨੁੱਖ, ਸਭ ਵਿਚ ਇਕ ਰਬ ਵਸਦਾ ਜਾਣ ਲਵੇ, ਤਾਂ ਉਹ ਕਿਸੇ ਨੂੰ ਬੁਰਾ ਨਹੀ ਸਮਝਦਾ।ਇਸ ਤਰੀਕੇ ਨਾਲ ਮਨੁੱਖ ਦੇ ਅੰਦਰੋਂ ਟੋਏ ਟਿੱਬੇ ਲੱਥ ਜਾਂਦੇ ਹਨ।ਜਦ ਮਨੁੱਖ ਆਪ ਨੂੰ ਉਚਾ ਦੂਜੇ ਨੂੰ ਨੀਵਾਂ ਜਾਣਦਾ ਹੈ ਤਾਂ ਕਲੇਸ਼ ਹੁੰਦੇ ਹਨ।ਪਰ ਸਾਡਾ ਇਕ ਪਿਤਾ ਅਤੇ ਇਕ ਦੇ ਅਸੀਂ ਬਾਲਕ ਵਾਲੀ ਸਿਖਿਆ ਮਨ ਵਿਚ ਵਸਾ ਲਈਏ ਤਾਂ ਭਾਈ ਚਾਰਕ ਸਾਂਝ ਪੈਦਾ ਹੁੰਦੀ ਹੈ।ਤਦ ਕੋਈ ਕਿਸੇ ਨੂੰ ਘ੍ਰਿਣਾ ਨਹੀ ਕਰਦਾ। ਹਰਿ ਮਹਿ ਤਨੁ ਹੈ, ਤਨ ਮਹਿ ਹਰਿ ਹੈ, ਸਰਬ ਨਿਰੰਤਰਿ ਸੋਇ ਰੇ।(੮੭੦)

ਫਰੀਦਾ ਜਿ ਦਿਹਿ ਨਾਲਾ ਕਪਿਆ, ਜੇ ਗਲੁ ਕਪਹਿ ਚੁਖ ॥ ਪਵਨਿ ਨ ਇਤੀ ਮਾਮਲੇ, ਸਹਾਂ ਨ ਇਤੀ ਦੁਖ ॥੭੬॥ ਹੇ ਫਰੀਦ! ਜਿਸ ਦਿਨ (ਦਾਈ ਨੇ ਜਨਮ ਸਮੇਂ) ਮੇਰਾ ਨਾੜੂਆ ਕਟਿਆ ਸੀ ,ਜੇ ਥੋੜਾ ਜਿਹਾ ਮੇਰਾ ਗਲ ਵੀ ਕੱਟ ਦਿੰਦੀ।ਤਾਂ ਮੈਨੂੰ ਇੰਨੇ ਝਮੇਲੇ ਨਾ ਪੈਂਦੇ (ਜੀਵਨ ਦੀਆਂ ਮੁਸੀਬਤਾਂ ਨਾ ਝੱਲਣੀਆਂ ਪੈਂਦੀਆਂ) ਅਤੇ ਨਾਹੀ ਵਿਛੋੜੇ ਦੇ ਇੰਨੇ ਦੁਖ ਸਹਿੰਦਾ।੭੬।
ਪਦਾਰਥ = ਜਿ ਦਿਹਿ-ਜਿਸ ਦਿਨ।ਨਾਲਾ-ਨਾੜੂਆ।ਕਪਿਆ-ਕੱਟਿਆ।ਗਲੁ-ਗਰਦਨ।ਕਪਹਿ-ਕੱਟ ਦਿੰਦੀ।ਚੁਖ-ਥੋੜਾ ਜਿਹਾ। ਪਵਨਿ ਨ-ਨਾ ਪੈਂਦੇ।ਇਤੀ-ਇਤਨੇ।ਮਾਮਲੇ-ਝਮੇਲੇ।ਸਹਾਂ ਨ-ਨਾ ਸਹਿੰਦਾ।੭੬।
ਵਿਆਖਿਆ = ਰੱਬ ਦੇ ਵਿਛੋੜੇ ਵਿਚ ਭਗਤਾਂ ਨੂੰ ਕੁਛ ਵੀ ਚੰਗਾ ਨਹੀ ਲਗਦਾ ਹੁੰਦਾ।ਰੱਬ ਦੇ ਵਿਛੋੜੇ ਦੇ ਦੁੱਖ ਨਾਲੋਂ ਮਰਨ ਨੂੰ ਪਹਿਲ ਦੇਂਦੇ ਹਨ {ਵਿਛੋੜਾ ਸੁਣੇ ਡੁਖੁ ,ਵਿਣੁ ਡਿਠੇ ਮਰਿਓਦਿ ੧੧੦੦}।ਫਰੀਦ ਸਾਹਿਬ ਦੀ ਬਾਣੀ ਵਿਚ ਬਿਰਹਾ ਤੇ ਵੈਰਾਗ ਮੁਖ ਹਨ।ਇਹ ਵਿਸ਼ਾ ਨਿਰਾਸ਼ਾ ਵਾਦੀ ਨਹੀਂ, ਆਸਾਵਾਦੀ ਹੈ।ਸੰਸਾਰ ਦੀ ਨਾਸ਼ਵਾਨਤਾ ਬਿਆਨ ਕਰਕੇ ਰੱਬ ਦੀ ਬੰਦਗੀ ਵਿਚ ਜੋੜਨ ਦਾ ਪ੍ਰਯੋਜਨ ਹੈ।ਜੋ ਲੋਕ ਬੰਦਗੀ ਭੁਲਾ ਕੇ ਸੰਸਾਰ ਨਾਲ ਪਿਆਰ ਪਾਈ ਫਿਰਦੇ ਹਨ, ਤਾਂ ਬਾਬਾ ਜੀ ਕਹਿੰਦੇ ਹਨ, ਸੰਸਾਰ ਤੋਂ ਅਸੀਂ ਇਕ ਦਿਨ ਚਲੇ ਜਾਣਾ ਹੈ ,ਸੁਖ ਲੋੜਦਾ ਹੈਂ ਤਾਂ ਰੱਬ ਨਾਲ ਜੁੜ।ਇਹੋ ਹੀ ਵਿਸ਼ਾ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਹੈ।ਬਾਬਾ ਜੀ ਦਾ ਇਹ ਭਾਵ ਨਹੀ ਕਿ ਮੈਂਨੂੰ ਦਾਈ ਜੰਮਦੇ ਨੂੰ ਹੀ ਮਾਰ ਦਿੰਦੀ ਤਾਂ ਚੰਗਾ ਸੀ, ਭਾਵ ਬੰਦਗੀ ਤੋਂ ਬਿਨਾ ਹੋਣ ਕਰਕੇ ਦੁਖ ਝੱਲਣੇ ਪੈਂਦੇ ਹਨ (ਮੇਰਾ ਖਿਆਲ)।

ਚਬਣ ਚਲਣ ਰਤੰਨ, ਸੇ ਸੁਣੀਅਰ ਬਹਿ ਗਏ ॥ ਹੇੜੇ ਮੁਤੀ ਧਾਹ, ਸੇ ਜਾਨੀ ਚਲਿ ਗਏ ॥੭੭॥ ਚੱਬਣ ਵਾਲੇ ਦੰਦ, (ਜਮੀਨ ਤੇ) ਚੱਲਣ ਵਾਲੇ ਪੈਰ, ਰਤਨਾਂ ਵਰਗੀਆਂ ਅੱਖਾਂ ਅਤੇ ਸੁਣਨ ਵਾਲੇ ਕੰਨ, ਉਹ (ਸਾਰੇ ਇੰਦ੍ਰੇ ਬੁਢੇਪੇ ਕਰਕੇ) ਕੰਮ ਕਰਨ ਤੋਂ ਰਹਿ ਗਏ। (ਬਾਬਾ ਫਰੀਜ ਜੀ ਆਖਦੇ ਹਨ ਕਿ ਇਹ ਹਾਲਤ ਦੇਖ ਕੇ) ਸਰੀਰ ਨੇ ਧਾਹ ਮਾਰੀ ਕਿ ਮੇਰੇ ਉਹ ਪਿਆਰੇ (ਸਾਥੀ) ਚਲੇ ਗਏ (ਕਮਜੋਰ ਹੋ ਗਏ ਹਨ ;ਕੰਮ ਦੇਣੋਂ ਰਹਿ ਗਏ ਹਨ)।੭੭।

ਪਦਾਰਥ = ਚਬਣ-ਦੰਦ। ਚਲਣ-ਪੈਰ। ਰਤੰਨ-ਅੱਖਾਂ। ਸੇ-ਉਹ। ਸੁਣੀਅਰ-ਕੰਨ। ਬਹਿ ਗਏ-ਨਿਕਾਰੇ (ਕਮਜੋਰ) ਹੋ ਗਏ। ਹੇੜੇ-ਸਰੀਰ ਨੇ। ਮੁਤੀ-ਮਾਰੀ; ਛੱਡੀ। ਧਾਹ-ਸ਼ੋਕ ਦੀ ਪੁਕਾਰ; ਉਚੀ ਰੋ ਕੇ ਪੁਕਾਰਨਾ। ਸੇ-ਉਹ। ਜਾਨੀ-ਪਿਆਰੇ ਮਿਤ੍ਰ।੭੭।

ਵਿਆਖਿਆ = ਜਿਨ੍ਹਾਂ ਕੰਮ ਕਰਨ ਵਾਲੇ ਇੰਦ੍ਰਿਆਂ ਤੇ ਮਾਣ ਸੀ, ਜਦ ਉਹ ਕਮਜੋਰ ਹੋ ਗਏ ਤਾਂ ਸਰੀਰ ਦੁਖੀ ਹੁੰਦਾ ਹੈ ਕਿ ਹੁਣ ਮੈਂ ਕਿੰਨਾ ਕੁ ਚਿਰ ਜੀਵਾਂਗਾ? ।੭੭।

ਅੰਗ ੧੩੮੨ = ਫਰੀਦਾ ਬੁਰੇ ਦਾ ਭਲਾ ਕਰਿ, ਗੁਸਾ ਮਨਿ ਨ ਹਢਾਇ ॥ ਦੇਹੀ ਰੋਗੁ ਨ ਲਗਈ, ਪਲੈ ਸਭੁ ਕਿਛੁ ਪਾਇ ॥੭੮॥ ਹੇ ਫਰੀਦ! (ਤੇਰੇ ਨਾਲ) ਬੁਰਾ ਕਰਨ ਵਾਲੇ ਦਾ ਵੀ ਭਲਾ ਕਰ ਤੇ ਮਨ ਵਿਚ ਗੁੱਸਾ ਨਾ ਆਉਣ ਦੇਹ; ਗੁੱਸਾ ਨਾ ਮਨ ਵਿਚ ਰੱਖ। (ਇਸ ਤਰ੍ਹਾਂ ਤੇਰੀ) ਦੇਹ ਨੂੰ ਕੋਈ ਰੋਗ ਨਹੀ ਲੱਗੇਗਾ ਅਤੇ ਪ੍ਰਮਾਰਥ ਦੇ ਸਾਰੇ ਸੁੱਖ ਹਿਰਦੇ ਰੂਪ ਪੱਲੇ ਪਾ ਲਵੇਂਗਾ।੭੮।

ਪਦਾਰਥ = ਮਨਿ-ਮਨ ਵਿਚ। ਨ ਹਢਾਇ-ਨਾ ਆਉਣ ਦੇਹ; ਨਾ ਰੱਖ। ਦੇਹੀ-ਸਰੀਰ ਨੂੰ। ਪਲੈ-ਹਿਰਦੇ ਰੂਪ ਪੱਲੇ ਵਿਚ।੭੮।

ਵਿਆਖਿਆ = ਗੁਰੂ ਨਾਨਕ ਦੇਵ ਜੀ ਨੇ ਸਰਬਤ ਦਾ ਭਲਾ ਮੰਗਿਆ ਹੈ। ਇਸਦਾ ਲਾਭ ਹੈ, ਦੇਹ ਰੋਗਾਂ ਤੋਂ ਬਚੀ ਰਹਿੰਦੀ ਹੈ। ਚੰਗੇ ਗੁਣ ਹਿਰਦੇ ਵਿਚ ਆਉਂਦੇ ਹਨ ।੭੮।

ਫਰੀਦਾ ਪੰਖ ਪਰਾਹੁਣੀ, ਦੁਨੀ ਸੁਹਾਵਾ ਬਾਗੁ ॥ ਨਉਬਤਿ ਵਜੀ ਸੁਬਹ ਸਿਉ, ਚਲਣ ਕਾ ਕਰਿ ਸਾਜੁ ॥੭੯॥ ਹੇ ਫਰੀਦ! ਦੁਨੀਆਂ ਇਕ ਸੋਹਣਾ ਬਾਗ ਹੈ, ਜਿਸ ਵਿਚ ਜੀਵ ਰੂਪ ਪੰਛੀ (ਜੀਵਨ ਰੂਪ ਰਾਤ ਕੱਟਣ ਲਈ) ਪ੍ਰਾਹੁਣੇ ਵਾਂਗ ਹਨ {ਜੈਸੇ ਰੈਣਿ ਪਰਾਹੁਣੇ, ਉਠਿ ਚਲਸਹਿ ਪਰਭਾਤਿ ੫੦}। (ਜਿਵੇਂ ਸਵੇਰਾ ਹੁੰਦਿਆਂ ਨਗਾਰਾ ਵਜਦਾ ਹੈ ਤੇ ਸਾਰੇ ਪੰਛੀ ਚਲਣ ਦੀ ਤਿਆਰੀ ਕਰਦੇ ਭਾਵ ਉਡ ਜਾਂਦੇ ਹਨ, ਇਸੇ ਤਰ੍ਹਾਂ) ਜਨਮ ਤੋਂ ਹੀ ਮੌਤ ਦਾ ਨਗਾਰਾ ਵਜਦਾ (ਸੈਂਕੜੇ ਬੰਦੇ ਰੋਜ ਮਰਦੇ ਸੁਣਦਾ ਹੈ, ਇਹ ਨਗਾਰਾ ਵਜਦਾ) ਹੈ, ਇਸ ਲਈ (ਇਥੋਂ ਸੰਸਾਰ ਤੋਂ) ਚਲਣ ਦਾ ਸਮਾਨ ਤਿਆਰ ਕਰ (ਮਰਨ ਲਈ ਤਿਆਰ ਹੋ ਜਾ)।੭੯।

ਪਦਾਰਥ = ਪੰਖ-ਪੰਛੀ (ਜੀਵ ਰੂਪ)। ਪਰਾਹੁਣੀ-ਮਹਿਮਾਨ। ਦੁਨੀ-ਦੁਨੀਆਂ। ਸੁਹਾਵਾ-ਸੋਹਣਾ। ਨਉਬਤਿ-ਨਗਾਰਾ (ਮੌਤ ਰੂਪ)। ਸੁਬਹ ਸਿਉ-ਸਵੇਰ ਤੋਂ। ਸਾਜੁ-ਸਮਾਨ; ਤਿਆਰੀ।੭੯।

ਵਿਆਖਿਆ = ਜੀਵ ਸੰਸਾਰ ਵਿਚ ਇਕ ਮਹਿਮਾਨ ਵਾਂਗ ਹੈ। ਮਹਿਮਾਨ ਪੱਕੇ ਤੌਰ ਤੇ ਸਦਾ ਲਈ ਕਿਸੇ ਦੇ ਘਰ ਨਹੀ ਰਹਿੰਦਾ, ਇਸੇ ਤਰ੍ਹਾਂ ਜੀਵ ਨੇ ਵੀ ਸੰਸਾਰ ਤੋਂ ਚਲੇ ਜਾਣਾ ਹੈ। ਪਹਿਲੇ ਜਮਾਨੇ ਵਿਚ ਲੋਕ ਕਾਫਲੇ ਬਣਾ ਕੇ ਸਫਰ ਕਰਿਆ ਕਰਦੇ ਹੁੰਦੇ ਸਨ ਤਾਂ ਰਾਤ ਰਸਤੇ ਵਿਚ ਆਰਾਮ ਕਰ ਕੇ ਸਵੇਰੇ ਹੁੰਦੇ ਹੀ ਨਗਾਰਾ ਵਜਾਇਆ ਜਾਂਦਾ ਸੀ। ਜਿਸ ਨੂੰ ਸੁਣ ਕੇ ਸਾਰੇ ਚਲਣ ਦੀ ਤਿਆਰੀ ਕਰਦੇ ਸਨ। ਸਵੇਰ ਤੋਂ ਭਾਵ ਬੁਢੇਪਾ ਵੀ ਹੋ ਸਕਦਾ ਹੈ। ਚਿੱਟੇ ਦਿਨ ਦੀ ਚਿੱਟੇ ਵਾਲਾਂ ਅਤੇ ਜੁਆਨੀ ਲਈ ਰਾਤ ਦੀ ਮਿਸਾਲ ਦਿਤੀ ਜਾਂਦੀ ਹੈ। ਨੌਬਤ ਵਜੀ ਤੋਂ ਭਾਵ ਹੈ ਕਿ ਚਿੱਟੇ ਵਾਲ ਮੌਤ ਦਾ ਸੱਦਾ ਹੈ, ਹੁਣ ਤਿਆਰੀ ਕਰ ਲੈ, ਸੰਸਾਰ ਰੂਪ ਬਾਗ ਤੋਂ ਚਲਣ ਦੀ।

ਫਰੀਦਾ ਰਾਤਿ ਕਥੂਰੀ ਵੰਡੀਐ, ਸੁਤਿਆ ਮਿਲੈ ਨ ਭਾਉ ॥ ਜਿੰਨ੍ਹਾ ਨੈਣ ਨੀਂਦ੍ਰਾਵਲੇ, ਤਿੰਨ੍ਹਾ ਮਿਲਣੁ ਕੁਆਉ ॥੮੦॥ ਫਰੀਦ ਜੀ ਕਹਿੰਦੇ ਹਨ ਕਿ ਜਿਵੇਂ ਰਾਤ ਨੂੰ ਕਸਤੂਰੀ ਵੰਡੀ ਜਾਂਦੀ ਹੈ, ਪਰ ਸੁੱਤੇ ਹੋਏ ਲੋਕਾਂ ਨੂੰ ਉਸ ਦਾ ਭਾਗ ਨਹੀਂ ਮਿਲਦਾ। ਜਿਨ੍ਹਾਂ (ਮਨੁੱਖਾਂ) ਦੇ ਨੇਤ੍ਰ ਨੀਂਦ ਵਾਲੇ (ਸੁੱਤੇ ਪਏ) ਹਨ, ਉਨ੍ਹਾਂ ਨੂੰ (ਕਸਤੂਰੀ) ਕਿਵੇਂ ਮਿਲੇ?; ਨਾਮ ਰੂਪ ਕਸਤੂਰੀ ਮਨੁੱਖ ਦੇ ਜੀਵਨ ਰੂਪ ਰਾਤ ਵਿਚ ਵੰਡੀ ਜਾ ਰਹੀ ਹੈ, ਪਰ ਜਿਹੜੇ ਮਾਯਾ ਦੇ ਮੋਹ ਦੀ ਨੀਂਦ ਵਿਚ ਘੂਕ ਸੁੱਤੇ ਪਏ ਹਨ, ਉਨ੍ਹਾਂ ਨੂੰ ਇਸ ਦਾ ਹਿੱਸਾ ਨਹੀ ਮਿਲਦਾ (ਭਗਤੀ ਮਨੁਖ ਦੀ ਸਾਰੀ ਉਮਰ ਵਿਚ ਹੀ ਮਿਲ ਸਕਦੀ ਹੈ)। ਜਿਹੜੇ ਉਂਘਦੇ (ਨਾ ਸੁੱਤੇ, ਨਾ ਜਾਗਦੇ, ਪੂਰੀ ਨੀਂਦ ਵਿਚ ਨਹੀ) ਹਨ, ਉਨ੍ਹਾਂ ਨੂੰ ਬੁਲਾਉਣ ਤੇ ਮਿਲ ਜਾਂਦੀ ਹੈ।੮੦।

ਪਦਾਰਥ = ਕਥੂਰੀ-ਕਸਤੂਰੀ। ਭਾਉ-ਹਿੱਸਾ; ਮਹਿਕ (ਕਸਤੂਰੀ ਦੀ)। ਜਿਨ੍ਹਾ-ਜਿਨ੍ਹਾਂ ਦੇ। ਨੈਣ-ਅੱਖਾਂ। ਨੀਂਦ੍ਰਾਵਲੇ-ਨੀਂਦ ਵਾਲੇ। ਕੁਆਉ-(ਸਿੰਧੀ) ਕਿਵੇਂ; ਬੁਲਾ ਕੇ; ਅਵਾਜ ਪੈਣ ਤੇ।੮੦।

ਵਿਆਖਿਆ = ਰਾਤ ਨੂੰ ਇਕਾਂਤ ਵਿਚ ਬੈਠ ਕੇ ਸੰਤ ਕਥਾ ਕੀਰਤਨ ਕਰਦੇ ਹਨ, ਉਸ ਵੇਲੇ ਦੇ ਭਜਨ ਨੂੰ ਕਸਤੂਰੀ ਅਤੇ ਭਜਨ ਦੇ ਅਨੰਦ ਨੂੰ ਸੁਗੰਧੀ ਕਿਹਾ ਹੈ। ਜੋ ਜਾਗਦੇ ਹਨ, ਉਨ੍ਹਾਂ ਨੂੰ ਮਿਲਦੀ ਹੈ, ਪਰ ਜੋ ਸੌਂ ਜਾਦੇ ਹਨ ਉਨ੍ਹਾਂ ਨੂੰ ਨਹੀ ਮਿਲਦੀ। ਇਕ ਜੋ ਜੀਵਨ ਦੀ ਰਾਤ ਵਿਚ ਜਾਗ ਕੇ ਭਗਤੀ ਕਰਦੇ ਹਨ। ਦੂਜੇ ਮੋਹ ਮਾਇਆ ਦੀ ਨੀਂਦ ਵਿਚ ਸੌਣ ਵਾਲੇ ਹਨ। ਤੀਜੇ ਜਦ ਵੰਡਣ ਵੇਲੇ ਆਵਾਜ ਪੈਂਦੀ ਹੈ, ਜਾਗ ਪੈਂਦੇ ਹਨ, ਕਦੇ ਸੌਂ ਜਾਂਦੇ ਹਨ ਭਾਵ ਕਦੇ ਚਿਤ ਲਗ ਗਿਆ ਤੇ ਕਦੇ ਉਖੜ ਗਿਆ। ਅਵਾਜ ਦਾ ਭਾਵ ਜਦ ਮਨ ਵਿਚ ਭੈ ਉਠਦਾ ਹੈ ਕਿ ਮੈਂ ਕੀ ਕਰ ਰਿਹਾ ਹਾਂ, ਫੇਰ ਤਮੋ ਗੁਣ ਦਬਾ ਲੈਂਦਾ ਹੈ ਤੇ ਨੀਂਦ ਆ ਜਾਂਦੀ ਹੈ (ਭਾ: ਵੀਰ ਸਿੰਘ ਜੀ)।

ਫਰੀਦਾ ਮੈ ਜਾਨਿਆ ਦੁਖੁ ਮੁਝ ਕੂ, ਦੁਖੁ ਸਬਾਇਐ ਜਗਿ ॥ ਊਚੇ ਚੜਿ ਕੈ ਦੇਖਿਆ, ਤਾਂ ਘਰਿ ਘਰਿ ਏਹਾ ਅਗਿ ॥੮੧॥ ਫਰੀਦ ਜੀ ਕਹਿੰਦੇ ਹਨ ਕਿ ਮੈਂ ਤਾਂ ਸਮਝਿਆ ਸੀ ਕਿ (ਭੁੱਖ ਜਾਂ ਵਿਛੋੜੇ ਦਾ) ਦੁਖ ਮੈਨੂੰ ਹੀ ਹੈ, ਪਰ ਦੁੱਖ ਤਾਂ ਜਗਤ ਵਿਚ ਸਾਰੇ ਜੀਵਾਂ ਨੂੰ ਹੈ {ਨਾਨਕ ਦੁਖੀਆ ਸਭੁ ਸੰਸਾਰੁ ੯੫੪}। ਮੈਂ ਜਦ ਅਪਣੇ ਤੋਂ ਉਪਰ ਉਠ ਕੇ ਦੇਖਿਆ (ਧਿਆਨ ਮਾਰਿਆ), ਤਾਂ ਹਰੇਕ ਘਰ ਵਿਚ ਏਹ ਅੱਗ (ਮੱਚ ਰਹੀ ਦੇਖੀ) ਹੈ (ਹਰੇਕ ਜੀਵ ਦੁਖੀ ਹੈ)।੮੧।

ਪਦਾਰਥ = ਮੁਝ ਕੂ–ਮੈਨੂੰ।ਸਬਾਇਐ ਜਗਿ–ਸਾਰੇ ਜਗਤ ਵਿਚ।ਉਚੇ ਚੜਿ ਕੈ–ਸੁਰਤ ਨੂੰ ਉਚਾ ਕਰ ਕੇ; ਅਪਨੇ ਦੁਖ ਤੋਂ ਉਪਰ ਉਠ ਕੇ।ਅੱਗ–(ਵਿਛੋੜੇ, ਕਾਮ, ਕ੍ਰੋਧ, ਈਰਖਾ ਆਦਿ ਦੀ) ਅੱਗ।੮੧।

ਇਸ ਦੁਖੀ ਦਸ਼ਾ ਦਾ ਇਲਾਜ ਗੁਰੂ ਅਰਜਨ ਦੇਵ ਜੀ ਅਗਲੇ ਸਲੋਕ ਵਿਚ ਦਸਦੇ ਹਨ।

ਮਹਲਾ ੫।ਫਰੀਦਾ ਭੂਮਿ ਰੰਗਾਵਲੀ, ਮੰਝਿ ਵਿਸੂਲਾ ਬਾਗ ॥ ਜੋ ਜਨ ਪੀਰ ਨਿਵਾਜਿਆ, ਤਿਨਾ ਅੰਚ ਨ ਲਾਗ ॥੮੨॥ ਗੁਰੂ ਜੀ ਕਹਿੰਦੇ ਹਨ, ਹੇ ਫਰੀਦ! ਇਹ ਧਰਤੀ ਅਨੰਦ ਦੇਣ ਵਾਲੀ ਹੈ, ਪਰ ਇਸ ਵਿਚ ਇਕ ਵਿਹੁਲਾ ਬਾਗ ਵੀ (ਲੱਗਾ ਹੋਇਆ) ਹੈ।ਜੋ ਪੁਰਖ ਗੁਰੂ ਨੇ ਵਡਿਆ ਲਏ ਹਨ (ਜਿਨ੍ਹਾਂ ਤੇ ਗੁਰੂ ਨੇ ਮੇਹਰ ਕੀਤੀ ਹੈ) ਉਨ੍ਹਾਂ ਨੂੰ (ਦੁਖ ਰੂਪ ਅੱਗ ਦਾ) ਸੇਕ ਨਹੀ ਲਗਦਾ।੮੨।

ਪਦਾਰਥ = ਭੂਮਿ–ਧਰਤੀ।ਰੰਗਾਵਲੀ–ਅਨੰਦ ਦੇਣ ਵਾਲੀ।ਮੰਝਿ–(ਧਰਤੀ ਦੇ) ਵਿਚਕਾਰ।ਵਿਸੂਲਾ–ਜਹਿਰੀਲਾ।ਜੋ ਜਨ–ਜੋ ਮਨੁੱਖ ।ਪੀਰ–ਗੁਰੂ ਨੇ।ਨਿਵਾਜਿਆ–ਵਡਿਆਇਆ; ਆਦਰ ਯੋਗ ਕੀਤਾ।ਤਿਨਾ–ਉਨ੍ਹਾਂ ਨੂੰ।ਅੰਚ–ਆਂਚ (ਦੁੱਖ ਦਾ ਸੇਕ)।੮੨।

ਵਿਆਖਿਆ = ਰੱਬ ਨੇ ਧਰਤੀ ਬਹੁਤ ਖੂਬਸੂਰਤ ਅਤੇ ਸੁਖ ਦੇਣ ਵਾਲੀ ਬਣਾਈ ਹੈ।ਇਸ ਵਿਚ ਚੰਗੇ ਫਲ (ਸ਼ੁੱਭ ਗੁਣ) ਵੀ ਹਨ ਤੇ ਵਿਹੁਲੇ ਫਲ (ਕਾਮਾਦਿਕ) ਵੀ ਹਨ {ਬਿਖੁ ਅੰਮ੍ਰਿਤੁ ਕਰਤਾਰਿ ਉਪਾਏ।ਸੰਸਾਰ ਬਿਰਖ ਕਉ ਦੁਇ ਫਲ ਲਾਏ ੧੧੭੨}।ਜੋ ਜਿਸ ਫਲ ਦੀ ਇੱਛਾ ਕਰਦਾ ਹੈ ਉਸ ਨੂੰ ਉਹੀ ਫਲ ਮਿਲ ਜਾਂਦਾ ਹੈ।ਚੰਗੇ ਫਲ ਨਾਲ ਸੁੱਖ ਮਿਲਦਾ ਹੈ ਤੇ ਮਾੜੇ ਫਲ ਨਾਲ ਦੁੱਖ।ਗੁਰੂ ਜੀ ਦਾ ਭਾਵ ਹੈ, ਜੋ ਮਨੁੱਖ ਗੁਰੂ ਦੀ ਸ਼ਰਣ ਵਿਚ ਆ ਜਾਂਦੇ ਹਨ, ਉਨ੍ਹਾਂ ਨੂੰ ਗੁਰੂ ਵਿਹੁਲੇ ਬਾਗ ਦੇ ਦੁਖਾਂ ਤੋਂ ਬਚਾ ਲੈਂਦਾ ਹੈ।੮੨।

ਮਹਲਾ ੫ ॥ ਫਰੀਦਾ ਉਮਰ ਸੁਹਾਵੜੀ, ਸੰਗਿ ਸੁਵੰਨੜੀ ਦੇਹ ॥ ਵਿਰਲੇ ਕੇਈ ਪਾਈਅਨਿ, ਜਿਨ੍ਾ ਪਿਆਰੇ ਨੇਹ ॥੮੩॥ ਗੁਰੂ ਜੀ ਆਖਦੇ ਹਨ, ਹੇ ਫਰੀਦ! ਰੋਗ ਰਹਿਤ ਲੰਬੀ ਉਮਰ ਦੇ ਨਾਲ ਜਿਨ੍ਹਾਂ ਦੀ ਸੁੰਦਰ ਰੰਗ ਵਾਲੀ ਦੇਹ ਹੈ।ਜਿਨ੍ਹਾਂ ਦਾ ਪਿਆਰੇ ਰੱਬ ਨਾਲ ਪ੍ਰੇਮ ਹੈ, ਐਸੇ ਮਨੁੱਖ ਕੋਈ ਵਿਰਲੇ ਹੀ ਪਾਏ ਜਾਂਦੇ (ਲੱਭਦੇ) ਹਨ (ਚੰਗੀ ਜਵਾਨ ਅਰੋਗ ਉਮਰ, ਸੁੰਦਰ ਦੇਹ ਦੇ ਨਾਲ ਨਾਲ ਰੱਬ ਦਾ ਪਿਆਰ ਕੋਈ ਵਿਰਲਾ ਮਨੁੱਖ ਹੀ ਪ੍ਰਾਪਤ ਕਰਦਾ ਹੈ)।੮੩।

ਪਦਾਰਥ = ਸੁਹਾਵੜੀ–ਸੁਖਦਾਈ; ਸੋਹਣੀ; ਸੋਭਾ ਵਾਲੀ।ਸੰਗਿ–ਨਾਲ।ਸੁਵੰਨੜੀ–ਸੋਹਣੇ ਰੰਗ ਵਾਲੀ ਅਰੋਗ; ਸੁੰਦਰ।ਦੇਹ–ਸਰੀਰ। ਕੇਈ–ਕੋਈ।ਪਾਈਅਨਿ–ਪਾਏ ਜਾਂਦੇ (ਲੱਭਦੇ) ਹਨ।ਜਿਨ੍ਾ–ਜਿਨ੍ਹਾਂ (ਮਨੁੱਖਾਂ) ਦਾ।ਨੇਹ–ਪ੍ਰੇਮ।੮੩।

ਵਿਆਖਿਆ = ਪ੍ਰਸੰਨ ਕਰਨ ਵਾਲੀ ਸੁੱਖਦਾਈ ਸੁੰਦਰ ਜਵਾਨ ਉਮਰ ਉਹ ਹੈ, ਜਿਸ ਵਿਚ ਮਨੁੱਖ ਦੇ ਸੁੱਖ ਨਾਲ ਦਿਨ ਬੀਤਣ।ਸਰੀਰ ਅਰੋਗ ਰਹੇ, ਖਾਣ ਪੀਣ ਵਾਲੇ ਪਦਾਰਥਾਂ ਦੀ ਕਮੀ ਨਾ ਹੋਵੇ।ਐਨੇ ਸੁਖ ਪਾ ਕੇ ਕੋਈ ਵਿਰਲਾ ਮਨੁੱਖ ਹੁੰਦਾ ਹੈ ਜਿਸ ਨੂੰ ਰੱਬ ਯਾਦ ਆਉਂਦਾ ਹੈ।ਨਹੀਂ ਤਾਂ ਸੁਖਾਂ ਵਿਚ ਲੋਕ ਰੱਬ ਨੂੰ ਭੁੱਲ ਕੇ ਵਿਕਾਰਾਂ ਵਿਚ ਪੈ ਜਾਂਦੇ ਹਨ।

ਇਹ ਦੋਵੇਂ ਸਲੋਕ ੯੬੬ ਅੰਗ ਤੇ ਰਾਮਕਲੀ ਦੀ ਵਾਰ ਵਿਚ ਵੀ ਹਨ।

ਕੰਧੀ ਵਹਣ ਨ ਢਾਹਿ, ਤਉ ਬੀ ਲੇਖਾ ਦੇਵਣਾ ॥ ਜਿਧਰਿ ਰਬ ਰਜਾਇ, ਵਹਣੁ ਤਿਦਾਊ ਗੰਉ ਕਰੇ ॥੮੪॥ ਹੇ (ਦਰਿਆ ਦੇ ਪਾਣੀ ਦੇ) ਪ੍ਰਵਾਹ! ਤੂੰ ਕੰਢੇ ਨਾ ਢਾਹ, ਕਿਉਂਕਿ (ਰੱਬ ਦੀ ਦਰਗਾਹ ਵਿਚ) ਤੈਨੂੰ ਵੀ ਲੇਖਾ ਦੇਣਾ ਪਏਗਾ।(ਫਿਰ ਮਨ ਵਿਚ ਖਿਆਲ ਆਇਆ ਕਿ ਇਹ ਤਾਂ ਰੱਬ ਦੇ ਹੁਕਮ ਦੀ ਵਿਰੋਧਤਾ ਹੈ, ਇਹ ਜਾਣ ਕੇ ਆਖਦੇ ਹਨ ਕਿ) ਜਿਧਰ ਰੱਬ ਦੀ ਮਰਜੀ ਹੁੰਦੀ ਹੈ, ਵਹਿਣ ਵੀ ਉਧਰ ਹੀ ਰਸਤਾ ਕਰਦਾ ਹੈ; ਹੇ ਵਹਿਣ! ਜਿਧਰ ਰੱਬ ਦੀ ਰਜ਼ਾ ਹੈ, ਤੂੰ ਉਧਰ ਹੀ ਚਲਣਾ ਕਰ।੮੪।

ਪਦਾਰਥ = ਕੰਧੀ–ਕਿਨਾਰੇ।ਵਹਣੁ–ਹੇ ਦਰਿਆ ਦੇ ਪਾਣੀ ਦੇ ਪ੍ਰਵਾਹ!।ਤਉ ਭੀ–ਤੈਨੂੰ ਵੀ।ਜਿਧਰਿ–ਜਿਸ ਪਾਸੇ।ਰਬ ਰਜਾਇ–ਰੱਬ ਦੀ ਮਰਜੀ।ਤਿਦਾਊ–ਉਧਰ; ਉਸ ਪਾਸੇ।ਗੰਉ ਕਰੇ–ਗਵਨ ਕਰਦਾ ਹੈ; ਚਾਲ ਚਲਦਾ ਹੈ।੮੪।

ਵਿਆਖਿਆ = ਫਰੀਦ ਜੀ ਪਾਕ ਪਟਨ ਵਿਖੇ ਰਹਿੰਦੇ ਸਨ।ਸਤਲੁਜ ਦਰਿਆ ਵੀ ਕੋਲ ਦੀ ਹੀ ਲੰਘਦਾ ਹੈ।ਦਰਿਆ ਵਿਚ ਆਇਆ ਹੜ੍ਹ ਕੰਢਿਆਂ ਨੂੰ ਢਾਹੁੰਣ ਲੱਗਾ।ਜਿਸ ਕਰਕੇ ਪਿੰਡਾਂ ਨੂੰ ਖਤਰਾ ਸੀ, ਬਾਬਾ ਜੀ ਦਰਿਆ ਨੂੰ ਆਖਦੇ ਹਨ, ਦੁਨੀ ਸਾਹਾਵਾ ਬਾਗ ਦੇ ਕੰਢਿਆਂ ਨੂੰ ਢਾਹੁਣ ਦਾ ਲੇਖਾ ਦੇਣਾ ਪਏਗਾ।ਫਿਰ ਮਨ ਵਿਚੋਂ ਅਵਾਜ਼ ਆਈ ਕਿ ਦਰਿਆ ਬਿਚਾਰਾ ਤਾਂ ਰੱਬ ਦੇ ਬਸ ਹੈ।ਫਿਰ ਆਖਦੇ ਹਨ, ਜਿਧਰ ਰਬ ਦੀ ਮਰਜੀ ਹੈ, ਉਧਰ ਹੀ ਚੱਲ।ਇਹ ਕਹਿਣ ਤੇ ਦਰਿਆ ਦਾ ਪਾਣੀ ਘਟ ਗਿਆ।ਇਸ ਸਿਖਿਆ ਦਾ ਭਾਵ ਇਹ ਵੀ ਹੈ, ਵੱਡੇ ਹੋ ਕੇ ਛੋਟਿਆਂ ਨੂੰ ਦੁਖ ਨਹੀਂ ਦੇਣਾ ਚਾਹੀਦਾ ਅਤੇ ਰੱਬ ਦੇ ਹੁਕਮ ਵਿਚ ਚਲਣਾ ਚਾਹੀਦਾ ਹੈ।੮੪।

ਫਰੀਦਾ ਡੁਖਾ ਸੇਤੀ ਦਿਹੁ ਗਇਆ, ਸੂਲਾਂ ਸੇਤੀ ਰਾਤਿ ॥ ਖੜਾ ਪੁਕਾਰੇ ਪਾਤਣੀ, ਬੇੜਾ ਕਪਰ ਵਾਤਿ ॥੮੫॥ ਹੇ ਫਰੀਦ! ਮਨੁੱਖ ਦਾ ਦਿਨ ਤਾਂ (ਕੰਮਾਂ ਦੇ) ਦੁਖਾਂ ਨਾਲ ਬੀਤ ਗਿਆ ਅਤੇ ਸੂਲਾਂ ਵਾਂਗ ਚੁਭਣ ਵਾਲੀ ਚਿੰਤਾ ਦੇ ਦੁੱਖਾਂ ਨਾਲ ਰਾਤ ਬੀਤ ਗਈ ਹੈ।(ਦਿਨ ਰਾਤ ਭਜਨ ਤੋਂ ਬਿਨਾ ਲੰਘਾ ਦਿਤੇ) ਗੁਰੂ ਮਲਾਹ ਖਲੋ (ਸੁਚੇਤ ਹੋ) ਕੇ ਅਵਾਜਾਂ ਦੇਂਦੇ ਹਨ, ਹੇ ਭਾਈ! (ਤੁਹਾਡਾ ਸਰੀਰ ਰੂਪ) ਬੇੜਾ ਕਾਮ ਆਦਿਕ ਲਹਿਰਾਂ ਦੇ ਮੂੰਹ (ਤੁਫਾਨ) ਵਿਚ ਫਸ ਰਿਹਾ ਹੈ (ਡੁਬ ਜਾਵੇਗਾ, ਬਚਣ ਦਾ ਯਤਨ ਕਰੋ, ਨਾਮ ਸਿਮਰੋ)।੮੫।

ਪਦਾਰਥ = ਡੁਖਾ ਸੇਤੀ–ਦੁੱਖਾਂ ਨਾਲ।ਦਿਹੁ–ਦਿਨ।ਸੂਲਾਂ–ਕੰਡੇ।ਪਾਤਣੀ–ਮਲਾਹ–ਗੁਰੂ।ਕਪਰ ਵਾਤਿ–ਲਹਿਰਾਂ ਦੇ ਮੂੰਹ ਵਿਚ।੮੫।

ਲੰਮੀ ਲੰਮੀ ਨਦੀ ਵਹੈ, ਕੰਧੀ ਕੇਰੈ ਹੇਤਿ ॥ ਬੇੜੇ ਨੋ ਕਪਰੁ ਕਿਆ ਕਰੇ, ਜੇ ਪਾਤਣ ਰਹੈ ਸੁਚੇਤਿ ॥੮੬॥ ਹੇ ਭਾਈ! ਕਾਲ ਦੀ ਬੜੀ

ਲੰਬੀ ਨਦੀ (ਸਰੀਰ ਦਾ ਬਲ ਅਤੇ ਉਮਰ ਰੂਪ ਦੋ) ਕੰਢਿਆਂ ਨੂੰ ਕੇਰਨ ਲਈ ਵਗ ਰਹੀ ਹੈ। (ਜਿਸ ਮਨੁੱਖ ਦੀ ਰੱਖਿਆ ਕਰਨ ਵਾਲੇ) ਗੁਰੂ ਮਲਾਹ ਸੁਚੇਤ ਰਹਿਣ (ਬੇੜੇ ਨੂੰ ਪਾਰ ਕਰਨ ਵਿਚ ਨਿਪੁੰਨ ਹੋਣ) ਤਾਂ ਮਨੁੱਖ ਰੂਪ ਬੇੜੇ ਦਾ ਵਿਸ਼ੇ ਵਿਕਾਰ ਰੂਪ ਲਹਿਰਾਂ ਕੀ ਕਰ ਸਕਦੀਆਂ ਹਨ ਭਾਵ ਕੁੱਛ ਨਹੀਂ ਵਿਗਾੜ ਸਕਦੀਆਂ। ੮੬।

ਪਦਾਰਥ = ਲੰਮੀ-ਜਦ ਤੋਂ ਦੁਨੀਆਂ ਬਣੀ ਹੈ ਉਦੋਂ ਤੋਂ ਚਲ ਰਹੀ ਹੈ। ਨਦੀ-(ਕਾਲ ਰੂਪ) ਨਦੀ। ਕੰਧੀ-ਕਿਨਾਰੇ (ਸਰੀਰਕ ਬਲ ਅਤੇ ਉਮਰ ਰੂਪ)। ਕੇਰੈ ਹੇਤਿ-ਕੇਰਨ (ਢਾਹੁਣ) ਵਾਸਤੇ। ਬੇੜੇ ਨੋ-(ਸਰੀਰ ਰੂਪ) ਬੇੜੇ ਨੂੰ। ਕਪਰੁ-(ਵਿਸ਼ਿਆਂ ਵਿਕਾਰਾਂ ਦੀਆਂ) ਲਹਿਰਾਂ; ਘੁੰਮਣ ਘੇਰੀ। ਪਾਤਣ-(ਗੁਰੂ) ਮਲਾਹ। ਸੁਚੇਤਿ-ਸਾਵਧਾਨ; ਆਲਸ ਰਹਿਤ। ੮੬।

ਫਰੀਦਾ ਗਲੀਂ ਸੁ ਸਜਣ ਵੀਹ, ਇਕੁ ਢੂੰਢੇਦੀ ਨ ਲਹਾਂ ॥ ਧੁਖਾਂ ਜਿਉ ਮਾਂਲੀਹ, ਕਾਰਣਿ ਤਿਨ੍ਾ ਮਾ ਪਿਰੀ ॥੮੭॥ ਹੇ ਫਰੀਦ! ਗੱਲਾਂ ਨਾਲ ਘਰ ਪੂਰਾ ਕਰਨ ਵਾਲੇ ਤਾਂ ਬੀਹ ਚੰਗੇ ਸੱਜਣ (ਝੂਠੇ ਗੁਰੂ) ਮਿਲ ਜਾਂਦੇ ਹਨ, (ਪਰ ਸੱਚਾ ਗੁਰੂ) ਸੱਜਣ ਲੱਭਦੀ ਨੂੰ ਇਕ ਵੀ ਨਹੀ ਮਿਲ ਰਿਹਾ ਹੈ {ਗਲੀ ਹਉ ਸੁਹਾਗਣਿ ਭੈਣੇ, ਕੰਤੁ ਨ ਕਬਹੂੰ ਮੈ ਮਿਲਿਆ ੪੩੩}। ਮੇਰੇ ਪਿਆਰੇ (ਸੱਜਣ ਦੇ ਨਾ ਮਿਲਣ) ਦੇ ਕਾਰਣ ਮੈਂ ਗੋਹੇ ਦੀ ਪਾਥੀ ਵਾਂਗ (ਵਿਚੇ ਵਿਚ) ਧੁਖ ਰਹੀ (ਚਿੰਤਾ ਕਰਕੇ ਦੁਖੀ) ਹਾਂ। ੮੭।

ਪਦਾਰਥ = ਗਲੀਂ-ਗੱਲਾਂ ਨਾਲ। ਨ ਲਹਾਂ-ਲਭਦਾ ਨਹੀਂ। ਧੁਖਾਂ-ਸੁਲਗਦੀ (ਵਿਚੇ ਵਿਚ ਦੁਖੀ ਹੁੰਦੀ) ਹਾਂ। ਮਾਂਲੀਹ-ਗੋਹੇ ਦੀ ਪਾਥੀ ਦਾ ਚੂਰਾ (ਜਿਸ ਦੀ ਅੱਗ ਧੁਖਦੀ ਰਹਿੰਦੀ ਹੈ, ਬਲਦੀ ਨਹੀਂ)। ਮਾ ਪਿਰੀ-ਮੇਰੇ ਪਿਆਰੇ। ੮੭।

ਉਥਾਨਕਾ = ਕੋਈ ਪਦਾਰਥ ਵਾਦੀ ਫਰੀਦ ਜੀ ਕੋਲ ਆ ਕੇ ਦੁਨੀਆਵੀ ਸੁੱਖਾਂ ਦੀ ਬੜੀ ਤਾਰੀਫ ਕਰਦਿਆਂ ਕਹਿਣ ਲੱਗਾ, ਹੇ ਫਰੀਦ! ਤੁਸੀ ਦੁਨੀਆਂ ਦਾ ਕੀ ਦੇਖਿਆ ਹੈ। ਤੁਸੀਂ ਤਾਂ ਸਾਰੀ ਉਮਰ ਤਪ ਕਰਦਿਆਂ ਵਿਅਰਥ ਹੀ ਲੰਘਾ ਦਿਤੀ। ਉਸ ਨੂੰ ਸਿਖਿਆ ਦੇਂਦੇ ਹੋਏ ਇਹ ਸਲੋਕ ਉਚਾਰਿਆ।

ਫਰੀਦਾ ਇਹੁ ਤਨੁ ਭਉਕਣਾ, ਨਿਤ ਨਿਤ ਦੁਖੀਐ ਕਉਣੁ ॥ ਕੰਨੀ ਬੁਜੇ ਦੇ ਰਹਾਂ, ਕਿਤੀ ਵਗੈ ਪਉਣੁ ॥੮੮॥ ਫਰੀਦ ਜੀ ਕਹਿੰਦੇ ਹਨ ਕਿ (ਮਨੁੱਖ ਦਾ) ਇਹ ਸਰੀਰ ਤਾਂ ਕੁੱਤੇ ਵਾਂਗ ਭੌਂਕਣ ਵਾਲਾ ਹੈ (ਤਨ ਪਦਾਰਥਾਂ ਦੇ ਸੁੱਖ ਮੰਗਦਾ ਹੈ, ਇਸ ਦੀਆਂ ਮੰਗਾਂ ਪੂਰੀਆਂ ਕਰਨ ਵਾਸਤੇ) ਕੌਣ ਦੁਖੀ ਹੁੰਦਾ ਰਹੇ। ਚਾਹੇ ਕਿੰਨੀ ਹੀ ਵਾਸ਼ਨਾਵਾਂ ਰੂਪ ਹਵਾ ਵਗਦੀ ਰਹੇ, ਮੈਂ ਕੰਨਾਂ ਵਿਚ ਬੁੱਜੇ ਦੇਈ ਰਖਦਾ ਹਾਂ (ਤਨ ਮੰਗਾਂ ਲਈ ਜਿੰਨਾ ਮਰਜੀ ਰੌਲਾ ਪਾਈ ਜਾਵੇ, ਮੈਂ ਧਿਆਨ ਹੀ ਨਹੀਂ ਦਿੰਦਾ)। ੮੮।

ਪਦਾਰਥ = ਤਨੁ-ਸਰੀਰ। ਭਉਕਣਾ-ਭੌਂਕਣ ਵਾਲਾ। ਦੁਖੀਐ ਕਉਣੁ-ਕੌਣ ਦੁਖੀ ਹੁੰਦਾ ਰਹੇ। ਕੰਨੀ-ਕੰਨਾਂ ਵਿਚ। ਬੁਜੇ-ਬੀੜੇ (ਰੌਲੇ ਰੱਪੇ ਤੋਂ ਬਚਣ ਲਈ ਕੋਈ ਚੀਜ ਕੰਨਾਂ ਵਿਚ ਪਾ ਕੇ ਬੰਦ ਕਰਨੇ) ਕੰਨੀ ਬੁੱਜੇ ਦੇਣਾ ਮਹਾਵਰਾ ਵੀ ਹੈ, ਕਿਸੇ ਦੀ ਗੱਲ ਨਾ ਸੁਣਨ ਦਾ ਭਾਵ ਹੈ। ਕਿਤੀ-ਕਿਤਨੀ ਹੀ। ਵਗੈ ਪਉਣ-ਵਾਸ਼ਨਾ ਰੂਪ ਹਵਾ ਵਗਦੀ ਰਹੇ। ੮੮।

ਵਿਆਖਿਆ = ਰੱਬ ਨੂੰ ਮਿਲਣ ਦੀ ਇੱਛਾ ਵਾਲਾ ਮਨੁੱਖ ਸਰੀਰ ਦੀਆਂ ਮੰਗਾਂ ਅਤੇ ਵਾਸ਼ਨਾਵਾਂ ਵੱਲ ਧਿਆਨ ਹੀ ਨਹੀਂ ਦਿੰਦਾ। ਸਰੀਰ ਤਾਂ ਰੋਜ ਅਪਣੇ ਸੁੱਖ ਲਈ ਕੁੱਛ ਨਾ ਕੁਛ ਮੰਗਦਾ ਹੀ ਰਹਿੰਦਾ ਹੈ, ਪਰ ਰੱਬ ਦਾ ਪ੍ਰੇਮੀ, ਸਰੀਰ ਦੀ ਗੱਲ ਅਣ ਸੁਣੀ ਕਰ ਦਿੰਦਾ ਹੈ। ਬੰਦਗੀ ਵੱਲ ਧਿਆਨ ਦਿੰਦਾ ਹੈ। ੮੮।

ਫਰੀਦਾ ਰਬ ਖਜੂਰੀ ਪਕੀਆਂ, ਮਾਖਿਅ ਨਈ ਵਹੰਨਿ ॥ ਜੋ ਜੋ ਵੰਞੈ ਡੀਹੜਾ, ਸੋ ਉਮਰ ਹਥ ਪਵੰਨਿ ॥੮੯॥ ਹੇ ਫਰੀਦ! (ਬੰਦਗੀ ਕਰਨ ਵਾਲੇ ਦਰਵੇਸ਼) ਰੱਬ ਦੀਆਂ ਪੱਕੀਆਂ ਖਜੂਰਾਂ ਹਨ (ਐਸੇ ਸੰਤਾਂ ਦੀ ਸੰਗਤ ਵਿਚ) ਕਥਾ ਕੀਰਤਨ ਨਾਮ ਸਿਮਰਨ ਰੂਪ ਸ਼ਹਿਦ ਦੀਆਂ ਨਦੀਆਂ ਵਗਦੀਆਂ ਹਨ (ਸੰਤ ਜੋ ਬਚਨ ਉਚਾਰਦੇ, ਰੱਬ ਦੀ ਸਿਫਤ ਕਰਦੇ ਹਨ, ਇਹ ਸ਼ਹਿਦ ਦੀਆਂ ਨਦੀਆਂ ਹਨ; ਰੱਬ ਦਾ ਨਾਮ ਮਿੱਠੀ ਖਜੂਰ ਹੈ ਅਤੇ ਨਾਮ ਸਿਮਰਨ ਦਾ ਅਨੰਦ ਸ਼ਹਿਦ ਦੀ ਨਦੀ ਵਗਦੀ ਹੈ)। ਜੋ ਜੋ ਵੀ ਦਿਨ (ਐਸੇ ਸੰਤਾਂ ਦੀ ਸੰਗਤ ਵਿਚ) ਬੀਤਦਾ ਹੈ, ਉਹ ਉਮਰ ਨੂੰ ਹੱਥ ਪੈਂਦਾ ਹੈ (ਉਮਰ ਦਾ ਉਹ ਦਿਨ ਅਪਣੇ ਹੱਥ ਵਿਚ ਹੈ ਭਾਵ ਸਫਲ ਹੋ ਗਿਆ); ਜੋ ਜੋ ਦਿਨ (ਭਜਨ ਤੋਂ ਬਿਨਾ) ਬੀਤਦਾ ਹੈ, ਉਮਰ ਦੇ ਉਹ ਦਿਨ ਕਾਲ ਦੇ ਹਥਾਂ ਵਿਚ ਪੈਂਦੇ ਹਨ ਭਾਵ ਉਮਰ ਦੇ ਦਿਨ ਨਿਸਫਲ ਜਾਂਦੇ ਹਨ। ਇਸਲਾਮ ਦੇ ਕਥਨ ਅਨੁਸਾਰ ਬਹਿਸ਼ਤ ਵਿਚ ਮਿੱਠੀਆਂ ਖਜੂਰਾਂ ਅਤੇ ਸ਼ਹਿਦ ਦੀਆਂ ਨਦੀਆਂ ਹਨ। ਫਰੀਦ ਜੀ ਆਖਦੇ ਹਨ, ਇਨ੍ਹਾਂ ਬਹਿਸਤੀ ਚੀਜਾਂ ਦਾ ਸਵਾਦ ਇਥੇ ਸਾਧ ਸੰਗਤ ਵਿਚ ਹੀ ਮਿਲ ਸਕਦਾ ਹੈ। ਛੇਤੀ ਕਰਕੇ ਇਹ ਚੀਜਾਂ ਲੈ ਲਵੋ ਕਿਉਂਕਿ ਉਮਰ ਲੰਘਦੀ ਜਾਂਦੀ ਹੈ। ਕਰਤਾਰ ਪੁਰੀ ਬੀੜ ਵਿਚ ਪਾਠ {ਵਾਹੰਨਿ} ਹੈ। ੮੯।

ਪਦਾਰਥ = ਰਬ ਖਜੂਰੀ-ਰੱਬ ਦੀਆਂ ਖਜੂਰਾਂ। ਮਾਖਿਅ-ਮਖਿਆਲ। ਨਈ-ਨਦੀਆਂ। ਵਹੰਨਿ-ਵਗਦੀਆਂ ਹਨ। ਵੰਞੈ-ਲੰਘਦਾ ਹੈ। ਡੀਹੜਾ-ਦਿਨ। ਸੋ-ਉਹ। ਉਮਰ ਹਥ ਪਵੰਨਿ-ਉਮਰ ਦਿਨੋ ਦਿਨ ਵਿਅਰਥ ਗੁਆਈ ਜਾ ਰਿਹਾ ਹੈ। ੮੯।

ਵਿਆਖਿਆ = ਬਹਿਸ਼ਤ ਦੇ ਮਿੱਠੇ ਮੇਵੇ ਅਤੇ ਹੋਰ ਉਤਮ ਪਦਾਰਥ, ਇਥੇ ਹੀ ਸਾਧ ਸੰਗਤ ਵਿਚੋਂ ਮਿਲ ਜਾਂਦੇ ਹਨ। ਪਿਛਲੇ ਸਲੋਕ ਵਿਚ ਸੰਸਾਰਕ ਪਦਾਰਥਾਂ ਲਈ ਤਨ ਦਾ ਭੌਂਕਣਾ ਦੱਸਿਆ ਸੀ। ਬੰਦਗੀ ਕਰਨ ਨਾਲ ਲੋਕ ਪ੍ਰਲੋਕ ਦੇ ਸਾਰੇ ਪਦਾਰਥ ਧਰਤੀ ਤੇ ਹੀ ਮਿਲ ਜਾਂਦੇ ਹਨ। ੮੯।

ਫਰੀਦਾ ਤਨੁ ਸੁਕਾ ਪਿੰਜਰੁ ਥੀਆ, ਤਲੀਆਂ ਖੂੰਡਹਿ ਕਾਗ ॥ ਅਜੈ ਸੁ ਰਬੁ ਨ ਬਾਹੁੜਿਓ, ਦੇਖੁ ਬੰਦੇ ਕੇ ਭਾਗ ॥੯੦॥ (ਤਪ ਕਰਦੇ ਹੋਏ ਫਰੀਦ ਜੀ ਦਾ ਤਨ ਸੁੱਕ ਕੇ ਪਿੰਜਰ ਵਾਂਗ ਹੋ ਗਿਆ, ਖੂਹ ਵਿਚ ਤਪ ਕਰਦਿਆਂ ਦਾ ਵੀ ਜਿਕਰ ਆਉਂਦਾ ਹੈ। ਆਪ ਜੀ ਨੂੰ ਮੁਰਦਾ ਸਮਝ ਕੇ ਕਾਂਵਾਂ ਨੇ ਤਲੀਆਂ ਤੇ ਠੂੰਗਾਂ ਮਾਰਨੀਆਂ ਸ਼ੁਰੂ ਕਰ ਦਿਤੀਆਂ, ਉਸ ਵੇਲੇ) ਫਰੀਦ ਜੀ ਕਹਿੰਦੇ ਹਨ ਕਿ ਸਰੀਰ ਸੁੱਕ ਕੇ ਪਿੰਜਰ ਹੋ ਗਿਆ ਹੈ ਅਤੇ ਮੈਨੂੰ ਮੁਰਦਾ ਸਮਝ ਕੇ ਕਾਂ ਪੈਰਾਂ ਦੀਆਂ ਤਲੀਆਂ ਨੂੰ ਠੂੰਗੇ ਮਾਰਦੇ (ਚੁੰਜਾਂ ਮਾਰ ਕੇ ਮਾਸ ਕਢਦੇ) ਹਨ; ਤਪ ਕਰਦਿਆਂ ਸਰੀਰ ਬੇਸ਼ਕ ਸੁੱਕ ਗਿਆ, ਪਰ ਕਾਮ ਆਦਿਕ ਵਿਕਾਰ ਰੂਪ ਕਾਂ ਇੰਦ੍ਰੀਆਂ ਰੂਪ ਤਲੀਆਂ (ਜਾਂ ਮਨ ਦੀਆਂ ਬ੍ਰਿਤੀਆਂ) ਨੂੰ ਠੂੰਗਦੇ (ਅਪਣੇ ਵੱਲ ਖਿਚਦੇ) ਹਨ। ਪਰ ਬੰਦੇ ਦੇ ਭਾਗ ਦੇਖੋ, ਰੱਬ ਅਜੇ ਤਕ ਵੀ ਪਹੁੰਚਿਆ ਨਹੀ (ਮੇਰੇ ਭਾਗਾਂ ਦਾ ਹੀ ਕਸੂਰ ਹੈ, ਰੱਬ ਦਾ ਕੋਈ ਦੋਸ਼ ਨਹੀਂ)।੯੦। ਮੁਝੁ ਅਵਗਨ ਸਹ ਨਾਹੀ ਦੋਸ। (੭੯੪)

ਪਦਾਰਥ = ਤਨੁ-ਸਰੀਰ। ਥੀਆ-ਹੋ ਗਿਆ। ਖੂੰਡਹਿ-ਠੂੰਗਾਂ ਮਾਰਦੇ ਹਨ। ਕਾਗ-ਕਾਮ ਆਦਿਕ ਕਾਂ। ਬਾਹੁੜਿਓ-ਪਹੁੰਚਿਆ।੯੦।

ਕਾਗਾ ਕਰੰਗ ਢਢੋਲਿਆ, ਸਗਲਾ ਖਾਇਆ ਮਾਸੁ ॥ ਏ ਦੁਇ ਨੈਨਾ ਮਤਿ ਛੁਹਉ, ਪਿਰ ਦੇਖਨ ਕੀ ਆਸ ॥੯੧॥ ਕਾਵਾਂ ਨੇ ਮੇਰੇ ਸੁੱਕੇ ਸਰੀਰ ਨੂੰ ਪਿੰਜਰ ਸਮਝ ਕੇ ਫਰੋਲ ਲਿਆ ਹੈ ਅਤੇ ਸਾਰਾ ਮਾਸ ਖਾ ਲਿਆ ਹੈ (ਕਾਮ ਕ੍ਰੋਧ ਆਦਿ ਕਾਵਾਂ ਨੇ ਮੇਰੇ ਸੁੱਕੇ ਸਰੀਰ ਨੂੰ ਪਿੰਜਰ (ਖਾਲੀ ਪਿਆ) ਸਮਝ ਕੇ ਫਰੋਲ ਲਿਆ ਹੈ ਅਤੇ ਸ਼ੁੱਭ ਗੁਣਾਂ ਰੂਪ ਸਾਰਾ ਮਾਸ ਵੀ ਖਾ ਲਿਆ ਹੈ। (ਪਰ ਹੇ ਕਾਵੋਂ! ਤੁਸੀਂ ਮੇਰੀਆਂ) ਇਹ ਦੋ (ਗਿਆਨ ਤੇ ਵਿਚਾਰ ਰੂਪ) ਅੱਖਾਂ ਨੂੰ ਨਾ ਛੂਹਿਓ, ਕਿਉਂਕਿ ਪਤੀ ਨੂੰ ਦੇਖਣ ਦੀ ਆਸ ਲੱਗੀ ਹੋਈ ਹੈ (ਮਨ ਚੌਕਸ ਨਾ ਹੋਵੇ ਤਾਂ ਕਾਮ ਆਦਿਕ ਸਰੀਰ ਘਰ ਨੂੰ ਖਾਲੀ ਜਾਣ ਕੇ ਕਬਜਾ ਕਰ ਲੈਂਦੇ ਹਨ)।੯੧।

ਪਦਾਰਥ = ਕਾਗਾ-(ਕਾਮ ਆਦਿਕ) ਕਾਵਾਂ ਨੇ। ਕਰੰਗ-ਪਿੰਜਰ। ਢਢੋਲਿਆ-ਟਟੋਲਿਆ; ਟੋਹ ਟੋਹ ਕੇ ਪਤਾ ਕਰਨਾ; ਢੂੰਡ ਲਿਆ। ਸਗਲਾ-ਸਾਰਾ। ਮਾਸ-(ਸ਼ੁੱਭ ਗੁਣਾਂ ਰੂਪ) ਮਾਸ। ਏ ਦੁਇ ਨੈਨਾ-ਏਹ ਦੋ ਅੱਖਾਂ ਨੂੰ। ਮਤਿ ਛੁਹਉ-ਨਾ ਛੂਹੋ। ਪਿਰੁ-ਪਤੀ ਨੂੰ।੯੧।

ਵਿਆਖਿਆ = ਤਪ ਕਰਕੇ ਸਰੀਰ ਬੇਸ਼ਕ ਸੁੱਕ ਗਿਆ ਹੈ ਪਰ ਅੱਖਾਂ ਵਿਚ ਖੁਦਾ ਦੇ ਦੀਦਾਰ ਕਰਨ ਦੀ ਸਿੱਕ ਜਿੰਦਾ ਰੱਖ ਰਹੀ ਹੈ। ਵਾਸ਼ਨਾਵਾਂ ਇਤਨੀਆਂ ਬਲਵਾਨ ਹਨ, ਸੁੱਕੇ ਸਰੀਰ ਦਾ ਵੀ ਖਹਿੜਾ ਨਹੀਂ ਛਡਦੀਆਂ। ਮੇਰੇ ਵਿਚੋਂ ਗਿਆਨ ਬਿਚਾਰ ਨਾ ਨਾਸ਼ ਕਰ ਦਿਓ, ਇਨ੍ਹਾਂ ਨਾਲ ਖੁਦਾ ਨੂੰ ਦੇਖਣਾ ਹੈ।੯੧।

ਕਾਗਾ ਚੂੰਡਿ ਨ ਪਿੰਜਰਾ, ਬਸੈ ਤ ਉਡਰਿ ਜਾਹਿ ॥ ਜਿਤੁ ਪਿੰਜਰੈ ਮੇਰਾ ਸਹੁ ਵਸੈ, ਮਾਸੁ ਨ ਤਿਦੂ ਖਾਹਿ ॥੯੨॥ ਹੇ ਕਾਂ! ਮੇਰੇ ਸਰੀਰ ਦੇ ਪਿੰਜਰੇ ਨੂੰ ਨਾ ਚੂੰਡ, (ਜੇ ਤੂੰ) ਇਸ ਵਿਚ ਵਸਦਾ ਹੈਂ, ਤਾਂ ਵੀ ਉਡ ਜਾਹ (ਕਿਸੇ ਹੋਰ ਅਗਿਆਨੀ ਦੇ ਸਰੀਰ ਵਿਚ ਚਲੇ ਜਾਹ। ਮੇਰੇ ਸਰੀਰ ਨੂੰ ਖਾਲੀ ਨਾ ਸਮਝ) ਜਿਸ ਸਰੀਰ ਪਿੰਜਰੇ ਵਿਚ ਮੇਰਾ ਪਤੀ ਮਾਲਕ ਬਸਦਾ ਹੈ, ਉਥੋਂ ਤੂੰ ਸ਼ੁੱਭ ਗੁਣਾਂ ਰੂਪ ਮਾਸ ਨਾ ਖਾ (ਇਨ੍ਹਾਂ ਗੁਣਾਂ ਕਰਕੇ ਹੀ ਮੈਂਨੂੰ ਖੁਦਾ ਮਿਲੇਗਾ)।੯੨।

ਪਦਾਰਥ = ਕਾਗਾ-ਹੇ ਕਾਂ!। ਚੂੰਡਿ-ਚੁੰਜਾਂ ਨਾਲ ਨੋਚ ਕੇ ਮਾਸ ਖਾਣਾ। ਬਸੈ-ਜੇ ਤੂੰ (ਕਾਂ ਨੂੰ) ਇਥੇ ਬਸਦਾ ਹੈਂ; ਮੇਰਾ ਸਰੀਰ ਅਜੇ ਬਸ ਰਿਹਾ ਹੈ, ਮੁਰਦਾ ਨਹੀਂ। ਉਡਰਿ ਜਾਹਿ-ਉਡ ਜਾਹ। ਜਿਤੁ-ਜਿਸ ਵਿਚ। ਸਹੁ ਵਸੈ-ਮਾਲਕ ਵਸਦਾ ਹੈ। ਤਿਦੂ-ਉਸ ਵਿਚੋਂ। ਨ ਖਾਹਿ-ਨਾ ਖਾਹ।੯੨। ਨਾਨਕ ਨਾਮ ਵਿਹੂਣਿਆ, ਤਿਨ ਤਨ ਖਾਵਹਿ ਕਾਉ। (੧੨੪੭)

ਵਿਆਖਿਆ = ਵਿਸ਼ੇ ਰੂਪ ਕਾਂਵਾਂ ਨੂੰ ਕਹਿੰਦੇ ਹਨ, ਮੈਨੂੰ ਛਡ ਜਾਓ, ਮੈਨੂੰ ਹੋਰ ਨਾ ਖਾਵੋ। ਜੇ ਬਿਕਾਰ ਨਿਕਲ ਜਾਣਗੇ ਤਾਂ ਸ਼ਹੁ ਛੇਤੀ ਮਿਲ ਪਵੇਗਾ।੯੨।

ਫਰੀਦਾ ਗੋਰ ਨਿਮਾਣੀ ਸਡੁ ਕਰੇ, ਨਿਘਰਿਆ ਘਰਿ ਆਉ ॥ ਸਰਪਰ ਮੈਥੈ ਆਵਣਾ, ਮਰਣਹੁ ਨਾ ਡਰਿਆਹੁ ॥੯੩॥ ਫਰੀਦ ਜੀ ਆਖਦੇ ਹਨ ਕਿ ਵਿਚਾਰੀ ਕਬਰ ਆਵਾਜਾਂ ਮਾਰਦੀ (ਬੁਲਾ ਰਹੀ) ਹੈ, ਹੇ ਬੇ ਘਰੇ ਮਨੁੱਖ! ਅਸਲ ਘਰ (ਕਬਰ) ਵਿਚ ਆ ਜਾ। (ਅੰਤ ਨੂੰ ਤੈਂ) ਜਰੂਰ ਮੇਰੇ ਪਾਸ ਹੀ ਆਉਣਾ ਹੈ, ਇਸ ਲਈ ਮਰਣ ਤੋਂ ਨਾ ਡਰ।੯੩।

ਪਦਾਰਥ = ਗੋਰ-ਕਬਰ। ਨਿਮਾਣੀ-ਵਿਚਾਰੀ (ਨਿਮਾਣੀ ਇਸ ਲਈ ਕਿਹਾ ਹੈ, ਪੁੱਟਣ ਲਗਿਆਂ ਕਹੀਆਂ ਸਹਾਰਦੀ ਹੋਈ ਪੁੱਟਣ ਵਾਲਿਆਂ ਨੂੰ ਕੁਛ ਨਹੀ ਕਹਿੰਦੀ)। ਸਡੁ-ਸੱਦਦੀ (ਬੁਲਾਉਂਦੀ) ਹੈ। ਨਿਘਰਿਆ-(ਨਿ-ਘਰਿਆ ਬੋਲੋ) ਬੇ ਘਰਾ (ਮਨੁੱਖ)। ਸਰਪਰ-ਜਰੂਰ; ਅਵੱਸ਼। ਮੈਥੈ-ਮੇਰੇ ਪਾਸ। ਮਰਣਹ-ਮਰਨ ਤੋਂ।੯੩।

ਵਿਆਖਿਆ = ਦੁਨੀਆਂ ਵਿਚ ਬਣਾਏ ਹੋਏ ਮਹਿਲ ਮਾੜੀਆਂ ਮਨੁੱਖ ਦੇ ਅਪਣੇ ਘਰ ਨਹੀਂ ਹਨ। ਕਬਰ ਅਵਾਜਾਂ ਮਾਰਦੀ ਹੈ ਕਿ ਅਸਲ ਘਰ ਤੇਰਾ ਮੈਂ ਹਾਂ, ਕਿਆਮਤ ਤਕ ਮੇਰੇ ਵਿਚ ਹੀ ਤੂੰ ਰਹਿਣਾ ਹੈ, ਇਹ ਇਸਲਾਮ ਦਾ ਖਿਆਲ ਹੈ। ਮਨੁੱਖ ਵਾਸ਼ਨਾ ਅਧੀਨ ਹੋਇਆ ਅਪਣੇ ਸਰੂਪ ਘਰ ਤੋਂ ਭੁਲਾ ਫਿਰਦਾ ਹੈ। ਫਰੀਦ ਜੀ ਕਬਰ ਵੱਲੋਂ ਉਪਦੇਸ਼ ਦੇਂਦੇ ਹਨ ਕਿ ਹੇ ਸਰੂਪ ਘਰ ਤੋਂ ਬੇਖਬਰ ਮਨੁੱਖ! ਦੌੜ ਨਾ, ਅਪਣੇ ਆਪ ਵਿਚ ਸਥਿਰ ਹੋ। ਜਿਵੇਂ ਮਰ ਕੇ ਮੇ੯੩ਰੇ ਵਿਚ ਆਉਣਾ ਹੈ, ਉਵੇਂ ਤੂੰ ਅਪਣੇ ਸਰੂਪ ਘਰ ਵਿਚ ਟਿਕਿਆ ਰਹੁ, ਫਿਰ ਮੌਤ ਦਾ ਡਰ ਨਹੀਂ ਰਹਿੰਦਾ।੯੩।

ਏਨੀ ਲੋਇਣੀ ਦੇਖਦਿਆ, ਕੇਤੀ ਚਲਿ ਗਈ ॥ ਫਰੀਦਾ ਲੋਕਾਂ ਆਪੋ ਆਪਣੀ, ਮੈ ਅਪਣੀ ਪਈ ॥੯੪॥ ਇਨ੍ਹਾਂ ਅੱਖਾਂ ਨਾਲ ਦੇਖਦੇ

ਦੇਖਦਿਆਂ ਕਿਤਨੇ ਹੀ ਲੋਕ (ਮਾਪੇ, ਬਜ਼ੁਰਗ, ਸਬੰਧੀ, ਮਿਤ੍ਰ ਆਦਿ) ਚਲੇ (ਮਰ) ਗਏ ਹਨ। ਫਰੀਦ ਜੀ ਕਹਿੰਦੇ ਹਨ ਕਿ ਲੋਕਾਂ ਨੂੰ ਆਪੋ ਅਪਣੀ ਪਈ ਹੋਈ ਹੈ (ਸਭ ਨੂੰ ਅਪਣੇ ਸੁਆਰਥ ਅਤੇ ਵਿਹਾਰਾਂ ਦੀ ਚਿੰਤਾ ਹੈ) ਤੇ ਮੈਨੂੰ ਅਪਣੀ ਚਿੰਤਾ ਪਈ ਹੋਈ ਹੈ (ਕਿ ਮੈਂ ਰੱਬ ਨੂੰ ਮਿਲਾਂ)।੯੪।

ਪਦਾਰਥ = ਏਨੀ-ਇਨ੍ਹਾਂ। ਲੋਇਣੀ-ਅੱਖਾਂ ਨਾਲ। ਕੇਤੀ-ਕਿੰਨੇ ਹੀ (ਬੇਅੰਤ ਜੀਵ); ਅਣਗਿਣਤ।੯੪।

ਆਪੁ ਸਵਾਰਹਿ ਮੈ ਮਿਲਹਿ, ਮੈ ਮਿਲਿਆ ਸੁਖੁ ਹੋਇ ॥ ਫਰੀਦਾ ਜੇ ਤੂ ਮੇਰਾ ਹੋਇ ਰਹਹਿ, ਸਭੁ ਜਗੁ ਤੇਰਾ ਹੋਇ ॥੯੫॥ (ਉਤਲੀ ਤੁਕ ਰੱਬ ਨੇ ਸੁਣੀ ਤਾਂ ਅਕਾਸ਼ ਬਾਣੀ ਹੋਈ, ਰੱਬ ਆਖਦਾ ਹੈ) ਜੇ ਤੂੰ ਅਪਣੇ ਆਪ ਨੂੰ ਸੁਆਰ (ਮਨ ਬੁੱਧੀ ਨੂੰ ਸ਼ੁੱਧ ਕਰ) ਲਵੇਂ, ਤਾਂ ਹੇ ਫਰੀਦ! ਤੂੰ ਮੈਨੂੰ ਮਿਲ ਪਏਂਗਾ, ਮੇਰੇ ਮਿਲਣ ਤੇ ਹੀ ਸੁਖ ਹੋਵੇਗਾ। (ਖੁਦਾ ਆਖਦਾ ਹੈ) ਹੇ ਫਰੀਦ! ਜੇ ਤੂੰ ਮੇਰਾ ਸੇਵਕ ਬਣ ਜਾਵੇਂਗਾ, ਤਾਂ ਸਾਰਾ ਜਗਤ ਤੇਰਾ ਸੇਵਕ ਹੋ ਜਾਵੇਗਾ।੯੫।

ਪਦਾਰਥ = ਆਪੁ-ਅਪਣੇ ਆਪ ਨੂੰ। ਸਵਾਰਹਿ-ਸੁਧਾਰ ਲਵੇਂ। ਮੈ-ਮੈਨੂੰ।੯੫।

ਕੰਧੀ ਉਤੈ ਰੁਖੜਾ, ਕਿਚਰਕੁ ਬੰਨੈ ਧੀਰੁ ॥ ਫਰੀਦਾ ਕਚੈ ਭਾਂਡੈ ਰਖੀਐ, ਕਿਚਰੁ ਤਾਈ ਨੀਰੁ ॥੯੬॥ ਹੇ ਭਾਈ! ਜਿਵੇਂ ਨਦੀ ਦੇ ਕੰਢੇ ਉਤੇ ਖੜ੍ਹਾ ਬ੍ਰਿਛ ਕਿੰਨਾ ਕੁ ਚਿਰ ਧੀਰਜ ਬੰਨ੍ਹੇਗਾ (ਹੌਸਲਾ ਰਖੇਗਾ)? ਇਸੇ ਤਰ੍ਹਾਂ ਕਾਲ ਰੂਪ ਨਦੀ ਦੇ ਕੰਢੇ ਉਤੇ ਸਰੀਰ ਰੂਪ ਬ੍ਰਿਛ ਕਿੰਨਾ ਕੁ ਸਮਾਂ ਹੌਸਲਾ ਰਖ ਸਕਦਾ ਹੈ? (ਅੰਤ ਨੂੰ ਕਾਲ ਨੇ ਮਾਰ ਦੇਣਾ ਹੈ)। ਹੇ ਫਰੀਦ! ਮਿੱਟੀ ਦੇ ਕੱਚੇ ਭਾਂਡੇ ਵਿਚ ਕਿੰਨਾ ਕੁ ਚਿਰ ਤਕ ਪਾਣੀ ਰਖਿਆ ਜਾ ਸਕਦਾ ਹੈ? (ਤਿਵੇਂ ਸਰੀਰ ਰੂਪ ਕੱਚੇ ਭਾਂਡੇ ਵਿਚ ਸੁਆਸਾਂ ਰੂਪ ਪਾਣੀ ਬਹੁਤਾ ਸਮਾਂ ਨਹੀ ਠਹਿਰ ਸਕਦਾ, ਕੱਚਾ ਭਾਂਡਾ ਪਾਣੀ ਨਾਲ ਖੁਰ ਜਾਂਦਾ ਹੈ)। ਭਾਵ ਸਾਹ ਰੂਪ ਪਾਣੀ ਹੌਲੀ ਹੌਲੀ ਸਰੀਰ ਰੂਪ ਭਾਂਡੇ ਨੂੰ ਖੋਰੀ ਜਾ ਰਿਹਾ ਹੈ (ਇਸ ਦੀ ਮਨਿਆਦ ਬਹੁਤੀ ਦੇਰ ਦੀ ਨਹੀਂ)।੯੬।

ਪਦਾਰਥ = ਕੰਧੀ-(ਨਦੀ ਦਾ) ਕੰਢਾ। ਰੁਖੜਾ-ਬ੍ਰਿਛ (ਬਿਚਾਰਾ)। ਕਿਚਰਕੁ-ਕਿੰਨਾ ਕੁ ਸਮਾਂ। ਬੰਨੈ ਧੀਰੁ-ਦ੍ਰਿੜ ਹੋ ਕੇ ਖੜ੍ਹਾ ਰਹੇਗਾ। ਕਚੈ ਭਾਂਡੈ-ਕੱਚੇ ਭਾਂਡੇ ਵਿਚ। ਕਿਚਰੁ ਤਾਈ-ਕਿੰਨੇ ਕੁ ਚਿਰ ਤਕ। ਨੀਰੁ-ਪਾਣੀ।੯੬। ਕਾਚੈ ਕਰਵੈ ਰਹੈ ਨ ਪਾਨੀ। (੭੯੨)

ਫਰੀਦਾ ਮਹਲ ਨਿਸਖਣ ਰਹਿ ਗਏ, ਵਾਸਾ ਆਇਆ ਤਲਿ ॥ ਹੇ ਫਰੀਦ! (ਜਿਹੜੇ ਮਨੁੱਖ ਮਰ ਗਏ ਹਨ) ਉਨ੍ਹਾਂ ਦੇ ਬਣਾਏ ਹੋਏ ਬੜੇ ਉਚੇ ਮਹਿਲ ਖਾਲੀ ਪਏ ਰਹਿ ਗਏ ਹਨ, (ਅਤੇ ਉਨ੍ਹਾਂ ਦੇ ਸਰੀਰ ਦਾ) ਵਾਸਾ ਧਰਤੀ (ਕਬਰ) ਵਿਚ ਹੋ ਗਿਆ ਹੈ।

ਅੰਗ ੧੩੮੩ = ਗੋਰਾਂ ਸੇ ਨਿਮਾਣੀਆ, ਬਹਸਨਿ ਰੂਹਾਂ ਮਲਿ ॥ ਆਖੀਂ ਸੇਖਾਂ ਬੰਦਗੀ, ਚਲਣੁ ਅਜੁ ਕਿ ਕਲਿ ॥੯੭॥ ਉਹ ਵਿਚਾਰੀਆਂ ਕਬਰਾਂ ਨੂੰ (ਮਹਿਲਾਂ ਦੇ ਮਾਲਕਾਂ ਦੀਆਂ) ਰੂਹਾਂ ਮੱਲ ਕੇ ਬੈਠਣਗੀਆਂ (ਕਿਆਮਤ ਤਕ)। ਹੇ ਭਾਈ! ਸ਼ੇਖਾਂ ਨੂੰ ਆਖਣਾ ਕਿ ਬੰਦਗੀ ਕਰਨ ਕਿਉਂਕਿ ਅਜ ਜਾਂ ਕਲ੍ਹ (ਦੁਨੀਆਂ ਚੋਂ) ਚਲਣਾ ਹੀ ਹੈ; (ਬੰਦਗੀ ਦਾ ਅਰਥ ਸਲਾਮ ਵੀ ਹੈ) ਸ਼ੇਖਾਂ ਨੂੰ ਸਲਾਮ ਕਹਿਣਾ ਕਿਉਂਕਿ ਥੋੜੇ ਦਿਨਾਂ ਤਕ ਦੁਨੀਆਂ ਵਿਚੋਂ ਕੂਚ ਕਰਨਾ ਹੀ ਹੈ।੯੭।

ਪਦਾਰਥ = ਨਿਸਖਣਿ-ਖਾਲੀ; ਵੇਹਲੇ। ਵਾਸਾ-ਨਿਵਾਸ। ਤਲਿ-ਧਰਤੀ (ਕਬਰ) ਵਿਚ। ਗੋਰਾਂ-ਕਬਰਾਂ। ਸੇ-ਉਹ। ਨਿਮਾਣੀਆ-ਨਾਚੀਜ ਜਿਹੀਆਂ; ਵਿਚਾਰੀਆਂ (ਜਿਨ੍ਹਾਂ ਕਬਰਾਂ ਨੂੰ ਕੋਈ ਵੀ ਚੰਗਾ ਨਹੀ ਸਮਝਦਾ)। ਬਹਸਨਿ-ਬੈਠਣਗੀਆਂ। ਮਲਿ-ਮੱਲ ਕੇ (ਕਬਜਾ ਕਰਕੇ)। ਆਖੀਂ-ਕਹਿਣਾ। ਸੇਖਾਂ-ਸ਼ੇਖਾਂ ਨੂੰ (ਸ਼ੇਖ-ਬਜ਼ੁਰਗ; ਵਿਦਵਾਨ; ਇਕ ਜਾਤਿ, ਅਪਣੀ ਉਚੀ ਜਾਤ ਦੇ ਮਾਣ ਵਿਚ ਹੀ ਨਾ ਰਹਿਣਾ)। ਬੰਦਗੀ-ਭਗਤੀ; ਸਲਾਮ (ਮ.ਕੋ.)। ਚਲਣੁ-ਚਲਾਣਾ; ਕੂਚ। ਕਿ-ਜਾਂ। ਕਲਿ-ਕਲ੍ਹ।੯੭।

ਵਿਆਖਿਆ = ਕਿਸੇ ਅਮੀਰ ਟੱਬਰ ਦੀ ਅਚਾਨਕ ਮੌਤ ਹੋ ਗਈ ਜੋ ਬੜੇ ਉਚੇ ਮਹਿਲਾਂ ਵਿਚ ਰਹਿੰਦੇ ਸਨ। ਕਬਰਾਂ ਵਿਚ ਦੱਬਦਿਆਂ ਨੂੰ ਦੇਖ ਕੇ ਕਹਿੰਦੇ ਹਨ, ਹੁਣ ਇਨ੍ਹਾਂ ਸਭ ਦਾ ਉਨ੍ਹਾਂ ਕਬਰਾਂ ਵਿਚ ਵਾਸਾ ਹੋ ਗਿਆ, ਜਿਨ੍ਹਾ ਵਿਚ ਬੜੇ ਛੋਟੇ ਅਮੀਰ ਗਰੀਬ ਸਾਰੇ ਦਬੇ ਹੋਏ ਹਨ। ਜਿਨ੍ਹਾਂ ਮਹਿਲਾਂ ਦਾ ਮਾਣ ਕਰਦਾ ਸੀ ਉਹ ਖਾਲੀ ਰਹਿ ਗਏ।੯੭।

ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ, ਜਿਉ ਦਰੀਆਵੈ ਢਾਹਾ ॥ ਅਗੈ ਦੋਜਕੁ ਤਪਿਆ ਸੁਣੀਐ, ਹੂਲ ਪਵੈ ਕਾਹਾਹਾ ॥ ਇਕਨਾ ਨੋ ਸਭ ਸੋਝੀ ਆਈ, ਇਕਿ ਫਿਰਦੇ ਬੇ ਪਰਵਾਹਾ ॥ ਅਮਲ ਜਿ ਕੀਤਿਆ ਦੁਨੀ ਵਿਚ, ਸੇ ਦਰਗਹ ਓਗਾਹਾ ॥੯੮॥ ਹੇ ਫਰੀਦ! ਮੌਤ ਦਾ ਕਿਨਾਰਾ ਇਉਂ ਦਿਸ ਰਿਹਾ ਹੈ, ਜਿਵੇਂ ਦਰਿਆ ਨੇ ਕੰਢਿਆਂ ਨੂੰ ਢਾਹ ਲਾਈ ਹੁੰਦੀ ਹੈ (ਦਰਿਆ ਦੇ ਕੰਢੇ ਪਾਣੀ ਨਾਲ ਖੁਰੀ ਜਾਂਦੇ ਹਨ। ਅੱਗੇ (ਪ੍ਰਲੋਕ ਵਿਚ ਅੱਗ ਨਾਲ) ਨਰਕ ਤਪਿਆ ਹੋਇਆ ਸੁਣੀਦਾ ਹੈ (ਜਿਸ ਵਿਚ ਸੜ ਰਹੇ ਪਾਪੀਆਂ ਦੇ) ਦੁੱਖਾਂ ਦਾ ਰੌਲਾ ਪੈ ਰਿਹਾ ਹੈ। (ਨਰਕ ਦੇ ਦੁੱਖ ਸੁਣ ਕੇ) ਕਈਆਂ (ਸਤ ਸੰਗੀਆਂ) ਨੂੰ ਤਾਂ ਸਭ ਸਮਝ ਆ ਗਈ ਹੈ, ਪਰ ਕਈ (ਸਾਕਤ, ਏਹ ਜਗ ਮਿੱਠਾ ਅੱਗੇ ਕਿਨ੍ਹ ਡਿੱਠਾ, ਕਹਿਣ ਵਾਲੇ) ਬੇ ਪ੍ਰਵਾਹ ਹੋਈ ਫਿਰਦੇ ਹਨ। ਦੁਨੀਆਂ ਵਿਚ ਰਹਿ ਕੇ ਲੋਕਾਂ ਨੇ ਜਿਹੜੇ ਕਰਮ ਕੀਤੇ ਹਨ, ਉਹ (ਕਰਮ) ਦਰਗਾਹ ਵਿਚ ਗਵਾਹ ਬਣਨਗੇ (ਭਲੇ ਬੁਰੇ ਹੋਣ ਦੇ)।੯੮।

ਪਦਾਰਥ = ਮਉਤੈ ਦਾ-ਮੌਤ ਦਾ। ਬੰਨਾ-ਕੰਢਾ। ਏਵੈ-ਇਉਂ। ਦਿਸੈ-ਦਿਸਦਾ ਹੈ। ਢਾਹਾ-ਜਦੋਂ ਦਰਿਆ ਦਾ ਪਾਣੀ ਇਕ ਪਾਸੇ ਨੂੰ ਰੁਖ ਕਰਕੇ ਮਿੱਟੀ ਖੋਰ ਕੇ ਰੋੜ੍ਹੀ ਜਾਵੇ ਤਾਂ ਕਹਿੰਦੇ ਹਨ ਢਾਹ ਲੱਗੀ ਹੈ (ਕਈ ਵਾਰੀ ਪਿੰਡਾਂ ਦੇ ਪਿੰਡ ਰੋੜ੍ਹ ਲੈ ਜਾਂਦਾ ਹੈ)। ਅਗੈ-

ਅੱਗੇ ਪ੍ਰਲੋਕ ਵਿਚ। ਦੋਜਕੁ–ਨਰਕ। ਹੂਲ–ਦੁੱਖ; ਰੌਲਾ। ਕਾਹਾਹਾ–ਹਾਹਾ ਕਾਰ (ਦੁਖਾਂ ਦਾ ਰੌਲਾ; ਹਾਇ ਹਾਇ ਦਾ ਸ਼ੋਰ)। ਇਕਨਾ ਨੋ–ਕਈਆਂ ਨੂੰ। ਇਕਿ–ਕਈ ਮਨੁੱਖ। ਸੋਝੀ–ਸਮਝ। ਅਮਲ–ਕਰਮ (ਚੰਗੇ ਮਾੜੇ)। ਜਿ–ਜਿਹੜੇ। ਦੁਨੀ–ਦੁਨੀਆਂ। ਸੇ–ਉਹ। ਓਗਾਹਾ–ਗਵਾਹ (ਦੇਖੀ ਗੱਲ ਦਸਣ ਵਾਲਾ) ਬਣਨਗੇ। ੯੮।

ਵਿਆਖਿਆ = ਮੌਤ ਦਰਿਆ ਹੈ,ਸਰੀਰ ਕੰਢਿਆਂ ਵਾਂਙ ਢਹਿੰਦੇ ਰਹਿੰਦੇ ਹਨ। ਜਿਵੇਂ ਦਰਿਆ ਦੇ ਕਿਨਾਰੇ ਤੇ ਕੋਈ ਪਿੰਡ ਹੋਵੇ, ਤਾਂ ਪਿੰਡ ਵਾਸੀਆਂ ਨੂੰ ਸਦਾ ਡਰ ਰਹਿੰਦਾ ਹੈ ਕਿ ਪਤਾ ਨਹੀ ਕਿਹੜੇ ਵੇਲੇ ਦਰਿਆ ਨੇ ਪਿੰਡ ਨੂੰ ਢਾਹ ਦੇਣਾ ਹੈ। ਮੌਤ ਯਾਦ ਰਖ ਕੇ ਭਜਨ ਕਰਨਾ ਚਾਹੀਏ। ੯੮।

ਫਰੀਦਾ ਦਰੀਆਵੈ ਕੰਨੑੈ ਬਗੁਲਾ, ਬੈਠਾ ਕੇਲ ਕਰੇ ॥ ਕੇਲੁ ਕਰੇਦੇ ਹੰਝ ਨੋ, ਅਚਿੰਤੇ ਬਾਜ ਪਏ ॥ ਬਾਜ ਪਏ ਤਿਸੁ ਰਬ ਦੇ, ਕੇਲਾਂ ਵਿਸਰੀਆਂ ॥ ਜੋ ਮਨਿ ਚਿਤਿ ਨ ਚੇਤੇ ਸਨਿ, ਸੋ ਗਾਲੀ ਰਬ ਕੀਆਂ ॥੯੯॥ ਫਰੀਦ ਜੀ ਆਖਦੇ ਹਨ ਕਿ ਦਰਿਆ ਦੇ ਕੰਢੇ ਉਤੇ ਬੈਠਾ ਬਗਲਾ ਖੇਲ੍ਹਾਂ ਕਰਦਾ ਹੈ। ਖੇਲ੍ਹਾਂ ਕਰਦੇ ਬਗਲੇ ਨੂੰ ਅਚਾਨਕ ਬਾਜ ਆ ਪਏ। (ਜਿਸ ਵੇਲੇ ਉਹ) ਬਾਜ ਉਸ ਰੱਬ ਦੇ ਭੇਜੇ ਹੋਏ ਆ ਪਏ (ਤਾਂ ਬਗੁਲੇ ਨੂੰ ਸਾਰੀਆਂ) ਖੇਲ੍ਹਾਂ ਭੁੱਲ ਗਈਆਂ। ਜੋ (ਗੱਲਾਂ ਬਗਲੇ ਦੇ) ਮਨ ਤੇ ਚਿਤ ਵਿਚ ਵੀ ਚੇਤੇ ਨਹੀਂ ਸਨ, ਉਹ ਗੱਲਾਂ ਰੱਬ ਨੇ ਕਰ ਦਿਤੀਆਂ ਹਨ (ਕਰ ਵਖਾਈਆਂ ਹਨ)। ੯੯।

ਅੰਤ੍ਰੀਵ ਭਾਵ ਃ–ਸੰਸਾਰ ਰੂਪ ਦਰਿਆ ਦੇ ਕਿਨਾਰੇ ਬੈਠਾ ਹੋਇਆ ਮਨੁੱਖ (ਬਗਲਾ) ਖਾਣ ਪੀਣ ਦੀਆਂ ਖੁਸ਼ੀਆਂ ਮਾਣ ਰਿਹਾ ਹੈ (ਪਰ ਰੱਬ ਯਾਦ ਨਹੀਂ)। ਖੁਸ਼ੀਆਂ ਮਾਣਦੇ ਮਨੁੱਖ (ਬਗਲੇ) ਨੂੰ ਅਚਾਨਕ ਹੀ ਜਮਦੂਤ (ਬਾਜ) ਆ ਪਏ। ਜਮ (ਬਾਜ) ਰਬ ਦੇ ਹੁਕਮ ਅਨੁਸਾਰ ਜਦ ਆ ਪਏ, ਤਾਂ ਸਾਰੀਆਂ ਖੁਸ਼ੀਆਂ (ਮਨੁੱਖ ਨੂੰ) ਭੁੱਲ ਗਈਆਂ। ਜੋ ਵਾਪਰਨ ਵਾਲੀ ਘਟਨਾ ਮਨੁੱਖ ਦੇ ਮਨ ਤੇ ਚਿਤ ਵਿਚ ਵੀ ਯਾਦ ਨਹੀਂ ਸੀ, ਉਹ ਗੱਲ ਰੱਬ ਨੇ ਕਰ ਦਿਤੀ। ੯੯।

ਪਦਾਰਥ = ਦਰੀਆਵੈ ਕੰਨੑੈ–ਦਰਿਆਂ ਦੇ ਕੰਢੇ ਉਤੇ। ਕੇਲ–ਕਲੋਲਾਂ; ਖੇਲ੍ਹਾਂ; ਖੁਸ਼ੀਆਂ। ਕਰੇਦੇ–ਕਰਦੇ ਨੂੰ। ਹੰਝੁ ਨੋ–ਬਗਲੇ (ਪਖੰਡੀ ਸਾਧ) ਨੂੰ। ਅਚਿੰਤੇ–ਅਚਨਚੇਤ। ਚੇਤੇ ਸਨਿ–ਯਾਦ ਸਨ। ਮਨਿ–ਮਨ ਵਿਚ। ਸੋ ਗਾਲੀ–ਉਹ ਗੱਲਾਂ। ਕੀਆਂ–ਕਰ ਦਿਤੀਆਂ। ੯੯।

ਵਿਆਖਿਆ = ਦਰਿਆ ਦੇ ਕਿਨਾਰੇ ਤੇ ਕੋਈ ਬਗਲਾ ਮੂੰਹ ਵਿਚ ਮੱਛੀ ਫੜ ਕੇ ਖੇਲਦਾ ਹੈ। ਕਦੇ ਛਡਦਾ ਹੈ ਕਦੇ ਫਿਰ ਫੜ ਲੈਂਦਾ ਹੈ। ਚਾਣਚੱਕ ਬਗਲੇ ਤੇ ਬਾਜ ਆ ਪਿਆ। ਇਸੇ ਤਰ੍ਹਾਂ ਬੰਦਾ ਵੀ ਸੰਸਾਰ ਵਿਚ ਵਿਸ਼ਿਆਂ ਦੇ ਸੁੱਖ ਭੋਗਦਾ ਹੈ ਤੇ ਰੱਬ ਨੂੰ ਭੁੱਲੀ ਬੈਠਾ ਹੈ। ਕਲੋਲਾਂ ਕਰਦੇ ਮਨੁਖ ਨੂੰ ਚਿਤ ਚੇਤੇ ਹੀ ਨਹੀਂ ਕਿ ਇਕ ਦਿਨ ਜਮ ਆ ਕੇ ਝਪਟ ਮਾਰ ਕੇ ਲੈ ਜਾਵੇਗਾ {ਜਲ ਕਹਾ ਥਲ ਕਹਾ ਗਗਨ ਕੇ ਗਉਨ ਕਹਾ, ਕਾਲ ਕੇ ਬਨਾਇ ਸਭੈ ਕਾਲੁ ਹੀ ਚਬਾਹਿਗੇ (ਅੰਗ ੨੮ ਦਸਮ ਗ੍ਰੰਥ)}।

ਸਾਢੇ ਤ੍ਰੈ ਮਣ ਦੇਹੁਰੀ, ਚਲੈ ਪਾਣੀ ਅੰਨਿ ॥ ਆਇਓ ਬੰਦਾ ਦੁਨੀ ਵਿਚਿ, ਵਤਿ ਆਸੂਣੀ ਬੰਨਿੑ ॥ ਮਲਕਲ ਮਉਤ ਜਾਂ ਆਵਸੀ, ਸਭ ਦਰਵਾਜੇ ਭੰਨਿ ॥ ਤਿਨਾ ਪਿਆਰਿਆ ਭਾਈਆਂ, ਅਗੈ ਦਿਤਾ ਬੰਨਿੑ ॥ ਵੇਖਹੁ ਬੰਦਾ ਚਲਿਆ, ਚਹੁ ਜਣਿਆ ਦੈ ਕੰਨਿੑ ॥ ਫਰੀਦਾ ਅਮਲ ਜਿ ਕੀਤੇ ਦੁਨੀ, ਵਿਚਿ ਦਰਗਹ ਆਏ ਕੰਮਿ ॥੧੦੦॥ ਮਨੁਖ ਦੀ ਸਾਢੇ ਤਿੰਨ ਮਣਾਂ ਦੀ ਦੇਹ ਹੈ, ਜੋ ਅੰਨ ਤੇ ਪਾਣੀ ਦੇ ਆਸਰੇ ਚਲਦੀ ਹੈ। ਇਹ ਮਨੁੱਖ ਦੁਨੀਆਂ ਵਿਚ ਆਇਆ ਹੈ (ਪਰ ਰੱਬ ਨੂੰ ਭੁਲਾ ਕੇ) ਆਸਾਂ ਦਾ ਬੱਧਾ ਹੋਇਆ ਫਿਰਦਾ ਹੈ। (ਆਸਾਂ ਪੂਰੀਆਂ ਹੁੰਦੀਆਂ ਨਹੀਂ ਏਨੇ ਨੂੰ) ਜਦ ਮੌਤ ਦਾ ਫਰਿਸਤਾ (ਸਰੀਰ ਰੂਪ ਕਿਲੇ ਦੇ ਇੰਦ੍ਰੇ ਰੂਪ) ਸਾਰੇ ਦਰਵਾਜੇ ਭੰਨ੍ਹ ਕੇ ਆ ਜਾਂਦਾ ਹੈ (ਕੋਈ ਵੀ ਦਰਵਾਜਾ ਮੌਤ ਨੂੰ ਸਰੀਰ ਵਿਚ ਵੜ ਕੇ ਰੂਹ ਨੂੰ ਲਿਜਾਣ ਤੋਂ ਨਹੀ ਰੋਕ ਸਕਦਾ। ਫਿਰ) ਉਨ੍ਹਾਂ ਪਿਆਰੇ ਭਰਾਵਾਂ (ਅਤੇ ਮਿਤ੍ਰਾਂ) ਨੇ ਚੁੱਕ ਕੇ ਅੱਗੇ (ਕਬਰ ਨੂੰ ਲਿਜਾਣ ਲਈ) ਤਖਤੇ ਤੇ ਬੰਨ੍ਹ ਕੇ ਰੱਖ ਦਿਤਾ। ਹੇ ਭਾਈ! ਦੇਖੋ (ਅੱਜ ਉਹੀ ਬੰਦਾ) ਚਾਰ ਬੰਦਿਆਂ ਦੇ ਮੋਢੇ ਉਤੇ ਚੁਕਿਆ ਹੋਇਆ (ਕਬਰਾਂ ਵੱਲ) ਚਲਿਆ ਹੈ (ਜਿਹੜਾ ਸਾਢੇ ਤਿੰਨ ਮਣ ਦਾ, ਤੇ ਆਸਾਂ ਦਾ ਬੱਧਾ ਫਿਰਦਾ ਸੀ)। ਫਰੀਦ ਜੀ ਆਖਦੇ ਹਨ, ਮਨੁੱਖ ਨੇ ਦੁਨੀਆਂ ਵਿਚ ਜਿਹੜੇ ਕਰਮ ਕੀਤੇ ਹਨ, ਉਹ ਹੀ ਦਰਗਾਹ ਵਿਚ ਕੰਮ ਆਉਂਦੇ ਹਨ।

ਪਦਾਰਥ = ਸਾਢੇ ਤ੍ਰੈ ਮਣ–(ਆਮ ਤੌਰ ਤੇ ਮਨੁੱਖੀ ਸਰੀਰ) ਸਾਢੇ ਕੁ ਤਿੰਨ ਮਣ ਦਾ ਹੁੰਦਾ ਹੈ (੩੭ ਕਿਲੋ ਦਾ ਇਕ ਮਣ ਹੁੰਦਾ ਹੈ)। ਅੰਨਿ–ਅਨਾਜ। ਦੁਨੀ ਵਿਚਿ–ਦੁਨੀਆਂ ਵਿਚ। ਵਤਿ–ਮੁੜ; ਫਿਰ; ਫਿਰਦਾ ਹੈ। ਆਸੂਣੀ–ਆਸਾ; ਆਸ ਊਣੀ ਰਹਿ ਜਾਂਦੀ ਹੈ, ਪੂਰੀ ਨਹੀਂ ਹੁੰਦੀ, ਫਿਰ ਆਸ ਨੂੰ ਨਾਲ ਹੀ ਬੰਨ੍ਹ ਕੇ ਚਲਾ ਜਾਂਦਾ ਹੈ (ਟਕਸਾਲ)। ਬੰਨਿੑ–ਬੰਨ੍ਹਿਆ ਹੋਇਆ। ਮਲਕਲ ਮਉਤ–ਮੌਤ ਦਾ ਫਰਿਸਤਾ (ਜਮਦੂਤ)। ਜਾਂ ਆਵਸੀ–ਜਦੋਂ ਆਉਂਦਾ ਹੈ। ਦਰਵਾਜੇ–ਇੰਦ੍ਰੇ ਰੂਪ ਦਰਵਾਜੇ (ਅੱਖਾਂ, ਕੰਨ, ਹੱਥ, ਪੈਰ ਆਦਿ ਸਭ ਕੰਮ ਕਰਨੋਂ ਹਟ ਜਾਂਦੇ ਹਨ ਜਾਂ ਕੋਈ ਕਿਤੇ ਵੀ ਜਾ ਕੇ ਲੁਕ ਜਾਵੇ, ਮੌਤ ਉਥੇ ਵੀ ਆ ਜਾਂਦੀ ਹੈ)। ਭੰਨਿ–ਤੋੜ ਕੇ। ਚਹੁ ਜਣਿਆ ਦੈ–ਚਾਰ ਮਨੁੱਖਾਂ ਦੇ। ਕੰਨਿੑ–ਮੋਢੇ ਤੇ। ਅਮਲ–ਕਰਮ। ਜਿ–ਜਿਹੜੇ। ਆਏ ਕੰਮਿ–ਕੰਮ ਆਉਂਦੇ (ਸਹਾਈ ਹੁੰਦੇ) ਹਨ। ੧੦੦।

ਵਿਆਖਿਆ = ਬੰਦਾ ਸੰਸਾਰ ਵਿਚ ਆਸਾਂ ਬੰਨੀ ਫਿਰਦਾ ਹੈ, ਇਹ ਆਸਾਂ ਮੋਖ ਦੇ ਰਸਤੇ ਵਿਚ ਰੋਕ ਹੈ। ਆਸਾਂ ਪੂਰੀਆਂ ਕਰਨ ਵਿਚ ਲੱਗਾ ਰਹਿੰਦਾ ਹੈ, ਇੰਨੇ ਨੂੰ ਮੌਤ ਆ ਜਾਂਦੀ ਹੈ। ਆਸਾਂ ਪੂਰੀਆਂ ਨਹੀਂ ਹੁੰਦੀਆਂ, ਨਾਲ ਬੰਨ੍ਹ ਕੇ ਲੈ ਜਾਂਦਾ ਹੈ। ਪਰ ਦਰਗਾਹ ਵਿਚ ਬੰਦਗੀ ਕਰਕੇ ਹੀ ਛੁਟਦਾ ਹੈ। ੧੦੦।

ਆਸਾ ਅੰਦਰਿ ਜੰਮਿਆ, ਆਸਾ ਰਸ ਕਸ ਖਾਇ। ਆਸਾ ਬੰਧਿ ਚਲਾਈਐ ਮੁਹੇ ਮੁਹਿ ਚੋਟਾ ਖਾਇ। (੬੧)

ਫਰੀਦਾ ਹਉ ਬਲਿਹਾਰੀ ਤਿਨ੍ ਪੰਖੀਆ, ਜੰਗਲਿ ਜਿਨ੍ਾ ਵਾਸੁ ॥ ਕਕਰੁ ਚੁਗਨਿ ਥਲਿ ਵਸਨਿ, ਰਬ ਨ ਛੋਡਨਿ ਪਾਸੁ ॥੧੦੧। ਫਰੀਦ ਜੀ ਕਹਿੰਦੇ ਹਨ, ਮੈਂ ਉਨ੍ਹਾਂ ਪੰਛੀਆਂ ਤੋਂ ਕੁਰਬਾਨ ਹਾਂ, ਜਿਨ੍ਹਾਂ ਦਾ ਨਿਵਾਸ ਜੰਗਲ ਵਿਚ ਹੈ। (ਉਹ ਪੰਛੀ) ਰੋੜ ਆਦਿ ਚੁਗਦੇ (ਸਾਦਾ ਜੀਵਨ ਬਤੀਤ ਕਰਦੇ) ਹਨ, ਥੱਲੇ (ਧਰਤੀ ਤੇ) ਹੀ ਵਸਦੇ ਹਨ, ਫਿਰ ਵੀ ਰੱਬ ਦਾ ਪਾਸਾ ਨਹੀ ਛਡਦੇ।੧੦੧।

ਪਰੰਦਏ ਨ ਗਿਰਾਹ ਜਰ। ਦਰਖਤ ਆਬ ਆਸ ਕਰ। (੧੪੪)

ਪਦਾਰਥ = ਤਿਨ੍ ਪੰਖੀਆ–ਉਨ੍ਹਾਂ ਪੰਛੀਆਂ (ਸਮਾਨ ਬਿਰੱਕਤ ਫਕੀਰ) ਤੋਂ। ਜਿਨ੍ਾ ਵਾਸੁ–ਜਿਨ੍ਹਾਂ ਦਾ ਨਿਵਾਸ। ਕਕਰੁ ਚੁਗਨਿ–(ਕੰਕਰ) ਰੋੜ ਚੁਗਦੇ (ਜੰਗਲ ਵਿਚ ਰਹਿ ਕੇ ਕੰਦ ਮੂਲ ਖਾਂਦੇ) ਹਨ; ਠੰਢ ਸਹਿੰਦੇ ਹਨ। ਥਲਿ ਵਸਨਿ–ਭੁੰਞੇ ਵਸਦੇ (ਨਿਮ੍ਰਤਾ ਵਿਚ ਰਹਿੰਦੇ) ਹਨ। ਪਾਸੁ–(ਰੱਬ ਦਾ) ਪਾਸਾ।੧੦੧। ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ। (੧੨੬੫)

ਵਿਆਖਿਆ = ਜਿਹੜੇ ਫਕੀਰ, ਸੰਸਾਰ ਜੰਗਲ ਵਿਚ ਪੰਛੀਆਂ ਵਾਂਗ ਸਬਰ ਸੰਤੋਖ ਤੇ ਸਾਦਾ ਗ੍ਰਿਹਸਤੀ ਜੀਵਨ ਬਤੀਤ ਕਰਦੇ ਹਨ ਅਤੇ ਸੰਸਾਰ ਨੂੰ ਜੰਗਲ ਜਾਣ ਕੇ ਤਿਆਗੀ ਹੋ ਕੇ ਰਹਿੰਦੇ ਹਨ। ਐਸੇ ਜੀਵਨ ਵਾਲੇ ਮਹਾਂ ਪੁਰਖਾਂ ਤੋਂ ਫਰੀਦ ਜੀ ਕਹਿੰਦੇ ਹਨ, ਮੈਂ ਬਲਿਹਾਰ ਜਾਂਦਾ ਹਾਂ। ਪੰਛੀ ਜੰਗਲ ਵਿਚ ਰਲ ਮਿਲ ਕੇ ਪਿਆਰ ਨਾਲ ਰਹਿੰਦੇ ਹਨ ਅਤੇ ਮੱਲਾਂ ਨਹੀ ਮਾਰਦੇ। ਜੋ ਕੁਛ ਮਿਲਦਾ ਹੈ, ਖਾ ਕੇ ਰਬ ਦਾ ਸ਼ੁਕਰ ਕਰਦੇ ਹਨ ਰੋੜ ਖਾਣ ਤੋਂ ਭਾਵ ਹੈ, ਜੀਭ ਦੇ ਚਸਕਿਆਂ ਤੋਂ ਮੁਕਤ ਹੁੰਦੇ ਹਨ, ਰੋੜ ਵਰਗੀ ਸੁੱਕੀ ਰੋਟੀ ਖਾ ਕੇ, ਭੁੰਞੇ ਸੌਂ ਕੇ ਵੀ ਰੱਬ ਨੂੰ ਨਹੀ ਭੁਲਾਉਂਦੇ। ਜਿਹੜੇ ਮਹਿਲਾਂ ਵਿਚ ਰਹਿੰਦੇ ਹੋਏ ਰੱਬ ਨੂੰ ਭੁਲਾ ਕੇ ਹਰਾਮ ਦੀਆਂ ਖਾਣ ਵਾਲੇ ਹਨ, ਉਨ੍ਹਾਂ ਨਾਲੋਂ ਤਾਂ ਜੰਗਲਾਂ ਵਿਚ ਰਹਿ ਕੇ ਬੰਦਗੀ ਕਰਨ ਵਾਲੇ ਦਰਵੇਸ਼ ਚੰਗੇ ਹਨ।੧੦੧।

ਫਰੀਦਾ ਰੁਤਿ ਫਿਰੀ ਵਣੁ ਕੰਬਿਆ, ਪਤ ਝੜੇ ਝੜਿ ਪਾਹਿ ॥ ਚਾਰੇ ਕੁੰਡਾ ਢੂੰਢੀਆਂ, ਰਹਣੁ ਕਿਥਾਊ ਨਾਹਿ ॥੧੦੨॥ (ਬਿਰਧ ਅਵਸਥਾ ਦਾ ਨਕਸ਼ਾ ਖਿਚਦੇ ਹਨ)। ਫਰੀਦ ਜੀ ਕਹਿੰਦੇ ਹਨ ਕਿ ਜਦ ਰੁਤ ਬਦਲਦੀ ਹੈ (ਸਰਦ ਰੁੱਤ ਆਉਂਦੀ ਹੈ) ਤਾਂ ਜੰਗਲ (ਦੇ ਬ੍ਰਿਛ) ਕੰਬ ਜਾਂਦੇ ਹਨ, ਪੱਤੇ ਝੜ ਕੇ ਥੱਲੇ ਡਿਗ ਪੈਂਦੇ ਹਨ। ਚਾਰੇ (ਸਾਰੇ) ਪਾਸੇ ਖੋਜ ਕੇ ਦੇਖੀਆਂ ਹਨ, (ਪੱਤੇ ਟਾਹਣੀਆਂ ਨਾਲ ਕਿਤੇ ਵੀ ਨਹੀਂ ਰਹਿੰਦੇ) ਪੱਕਾ ਟਿਕਾਣਾ ਕਿਸੇ ਥਾਂ ਵੀ ਨਹੀ ਹੈ। ਭਾਵ ਅਰਥ:–ਜਦ ਜੁਆਨੀ ਵਾਲੀ ਰੁਤ ਬਦਲੀ ਤੇ ਬੁਢੇਪੇ ਦੀ (ਸਰਦ ਰੁੱਤ) ਆ ਗਈ ਹੈ, ਤਾਂ ਸਰੀਰ ਰੂਪ ਵਣ (ਕਮਜੋਰ ਹੋ ਕੇ) ਕੰਬਣ ਲਗ ਗਿਆ ਹੈ, ਇੰਦ੍ਰੀਆਂ ਰੂਪ ਪੱਤੇ (ਅਖਾਂ ਕੰਨ ਨਕ ਦੰਦ ਹੱਥ ਪੈਰ ਆਦਿ) ਝੜਨ ਲਗ ਪੈਂਦੇ ਹਨ (ਨਿਕਾਰਾ ਹੋਣ ਲਗ ਪਏ ਹਨ)। ਮਨੁੱਖ ਨੇ ਸਦਾ ਰਹਿਣ ਲਈ ਚਾਰੇ ਦਿਸ਼ਾਵਾਂ ਖੋਜੀਆਂ (ਬਥੇਰੇ ਜਤਨ ਕਰ ਕੇ ਦੇਖ ਲਏ) ਪਰ ਸਦਾ ਰਹਿਣ ਨੂੰ ਥਾਂ ਕਿਤੇ ਵੀ ਨਹੀ।੧੦੨।

ਪਦਾਰਥ = ਰੁਤਿ ਫਿਰੀ–ਰੁੱਤ ਬਦਲ ਗਈ (ਜਵਾਨੀ ਢਲ ਗਈ)। ਵਣੁ–ਜੰਗਲ। ਕੰਬਿਆ–ਦਰੱਖਤ ਹਿੱਲੇ (ਉਦਾਸ ਹੋਇਆ)। ਪਤ–(ਪੱਤ ਬੋਲੋ) ਪੱਤੇ। ਝੜੇ ਝੜਿ ਪਾਹਿ–ਝੜ ਕੇ ਡਿਗ ਪੈਂਦੇ ਹਨ (ਇਦ੍ਰੇ ਕਮਜੋਰ ਪੈਂਦੇ ਹਨ)। ਕੁੰਡਾ–ਤਰਫਾਂ; ਦਿਸ਼ਾਵਾਂ। ਰਹਣੁ–ਟਿਕਾਣਾ (ਰਹਿਣ ਵਾਸਤੇ)। ਕਿਥਾਊ–ਕਿਸੇ ਥਾਂ ਤੇ।੧੦੨।

ਫਰੀਦਾ ਪਾੜਿ ਪਟੋਲਾ ਧਜ ਕਰੀ, ਕੰਬਲੜੀ ਪਹਿਰੇਉ ॥ ਜਿਨ੍ਹੀ ਵੇਸੀ ਸਹੁ ਮਿਲੈ, ਸੇਈ ਵੇਸ ਕਰੇਉ ॥੧੦੩॥ (ਰੇਸ਼ਮੀ ਬਸਤ੍ਰ ਅਮੀਰ ਲੋਕਾਂ ਦਾ ਪਹਿਰਾਵਾ ਹੈ, ਤੇ ਸ਼ਾਇਦ ਖੁਦਾ ਫਕੀਰੀ ਲਿਬਾਸ ਵਿਚ ਹੀ ਮਿਲਦਾ ਹੈ। ਇਹ ਸੋਚ ਕੇ) ਫਰੀਦ ਜੀ ਆਖਦੇ ਹਨ ਕਿ ਮੈਂ ਰੇਸ਼ਮੀ ਬਸਤ੍ਰ ਪਾੜ ਕੇ ਲੀਰਾਂ ਲੀਰਾਂ ਕਰ ਦਿਆਂ (ਖੁਦਾ ਮਿਲੇ ਬਿਨਾ ਰੇਸ਼ਮੀ ਕੱਪੜੇ ਕੀ ਕਰਨੇ ਹਨ? ਉਸ ਦੀ ਥਾਂ ਫਕੀਰਾਂ ਵਾਂਗ ਉਨ ਦੀ ਬੁਣੀ) ਕੰਬਲੀ ਪਹਿਨ ਲਵਾਂ। ਜਿਨ੍ਹਾਂ ਵੇਸਾਂ ਦੇ ਧਾਰਨ ਕਰਕੇ ਮੇਰਾ ਪਤੀ ਮਾਲਕ ਮਿਲ ਜਾਵੇ, ਮੈਂ ਉਹ ਹੀ ਵੇਸ ਧਾਰਨ ਕਰ ਲਵਾਂ।੧੦੩।

ਪਦਾਰਥ = ਪਾੜਿ–ਪਾੜ ਕੇ। ਪਟੋਲਾ–ਰੇਸ਼ਮੀ ਕੱਪੜਾ (ਵਿਆਹ ਸਮੇਂ ਲਾੜੀ ਉਤੇ ਪਾਉਂਦੇ ਸਨ); ਆਮ ਕੀਮਤੀ ਕੱਪੜੇ ਨੂੰ ਵੀ ਪਟੋਲਾ ਕਹਿ ਦੇਂਦੇ ਹਨ। ਧਜ ਕਰੀ–ਝੰਡੀ; ਲੀਰਾਂ ਲੀਰਾਂ ਕਰ ਦੇਵਾਂ। ਕੰਬਲੜੀ–(ਭੇਡ ਦੀ) ਉਨ ਦੀ ਕੰਬਲੀ (ਸ਼ੁੱਧ ਜਾਣੀ ਜਾਂਦੀ ਹੈ)। ਪਹਿਰੇਉ–ਪਹਿਨ ਲਵਾਂ। ਜਿਨ੍ਹੀ ਵੇਸੀ–ਜਿਨ੍ਹਾਂ ਭੇਖਾਂ ਕਰਕੇ। ਸਹੁ–ਪਤੀ ਮਾਲਕ। ਸੇਈ–ਉਹ ਹੀ।੧੦੩।

ਮ:੩ ॥ ਕਾਇ ਪਟੋਲਾ ਪਾੜਤੀ, ਕੰਬਲੜੀ ਪਹਿਰੇਇ ॥ ਨਾਨਕ ਘਰ ਹੀ ਬੈਠਿਆ ਸਹੁ ਮਿਲੈ, ਜੇ ਨੀਅਤਿ ਰਾਸਿ ਕਰੇਇ ॥੧੦੪॥ (ਉਪਰਲਾ ਵਿਚਾਰ ਬਾਬਾ ਫਰੀਦ ਸਾਹਿਬ ਦਾ ਸੀ, ਗੁਰੂ ਅਮਰਦਾਸ ਜੀ ਗੁਰਮਤਿ ਦਾ ਵਿਚਾਰ ਦਸਦੇ ਹਨ) ਹੇ ਸਖੀਏ! ਰੇਸ਼ਮੀ ਬਸਤ੍ਰਾਂ ਨੂੰ ਕਿਉਂ ਪਾੜਦੀ ਹੈਂ ਤੇ ਕੰਬਲੀ ਕਿਉਂ ਪਹਿਨਦੀ ਹੈਂ? ਗੁਰੂ ਅਮਰਦਾਸ ਜੀ ਆਖਦੇ ਹਨ ਕਿ ਘਰ ਬੈਠਿਆਂ (ਗ੍ਰਿਹਸਤ ਵਿਚ) ਹੀ ਪਤੀ ਮਾਲਕ ਮਿਲ ਜਾਂਦਾ ਹੈ, ਜੇ (ਮਨ ਦਾ) ਇਰਾਦਾ ਠੀਕ ਕਰ ਲਵੇਂ।੧੦੪।

ਮਿਲਦਿਆ ਢਿਲ ਨ ਹੋਵਈ, ਜੇ ਨੀਅਤਿ ਰਾਸਿ ਕਰੇ। (੫੯੪)

ਪਦਾਰਥ = ਕਾਇ–ਕਿਉਂ; ਕਿਸ ਲਈ। ਪਟੋਲਾ–ਰੇਸ਼ਮੀ ਬਸਤ੍ਰ। ਪਾੜਤੀ–ਪਾੜਦੀ ਹੈਂ। ਕੰਬਲੜੀ–ਕੰਬਲੀ। ਪਹਿਰੇਇ–ਪਹਿਨਦੀ ਹੈਂ। ਸਹੁ–ਖਸਮ। ਨੀਅਤਿ–ਮਨ ਦਾ ਇਰਾਦਾ; ਸੰਕਲਪ। ਰਾਸਿ ਕਰੇਇ–ਸੱਚਾ (ਸ਼ੁੱਧ; ਠੀਕ) ਕਰ ਲਵੇਂ।੧੦੪।

ਮ:੫ ॥ ਫਰੀਦਾ ਗਰਬੁ ਜਿਨ੍ਾ ਵਡਿਆਈਆ, ਧਨਿ ਜੋਬਨਿ ਆਗਾਹ ॥ ਖਾਲੀ ਚਲੇ ਧਣੀ ਸਿਉ, ਟਿਬੇ ਜਿਉ ਮੀਹਾਹੁ ॥੧੦੫॥ ਫਰੀਦ ਜੀ ਆਂਖਦੇ ਹਨ ਕਿ ਜਿਨ੍ਹਾਂ ਨੂੰ ਬਹੁਤੇ ਧਨ, ਵਡਿਆਈਆਂ ਅਤੇ (ਬਹੁਤੀ) ਜੁਆਨੀ ਦਾ ਹੰਕਾਰ ਹੈ।(ਐਸੇ ਮਨੁੱਖ ਸੰਸਾਰ ਤੋਂ) ਮਾਲਕ ਦੀ ਮੇਹਰ ਤੋਂ ਖਾਲੀ ਚਲੇ ਜਾਂਦੇ ਹਨ, ਜਿਵੇਂ ਮੀਂਹ (ਦੇ ਪਾਣੀ) ਤੋਂ ਬਿਨਾ ਟਿੱਬੇ (ਖਾਲੀ ਰਹਿ ਜਾਂਦੇ ਹਨ)।੧੦੫।

ਪਦਾਰਥ = ਗਰਬੁ–ਹੰਕਾਰ।ਜਿਨ੍ਾ–ਜਿਨ੍ਹਾਂ ਨੂੰ।ਧਨਿ–ਮਾਇਆ ਦਾ।ਜੋਬਨਿ–ਜੁਆਨੀ ਦਾ।ਆਗਾਹ–ਬਹੁਤ।ਧਣੀ–ਮਾਲਕ (ਰੱਬ)। ਸਿਉ–ਤੋਂ।ਟਿਬੇ–(ਟਿੱਬੇ ਬੋਲੋ) ਰੇਤੇ ਦਾ ਛੋਟਾ ਜਿਹਾ ਪਹਾੜ।ਮੀਹਾਹੁ–ਮੀਂਹ ਤੋਂ।੧੦੫।

ਵਿਆਖਿਆ = ਗੁਰੂ ਅਮਰਦਾਸ ਜੀ ਨੇ ਕਿਹਾ ਸੀ ਕਿ ਨੀਅਤ ਸਾਫ ਕਰੋ, ਰੱਬ ਆਪੇ ਘਰ ਵਿਚ ਹੀ ਮਿਲ ਜਾਂਦਾ ਹੈ।ਧਨ ਬਹੁਤ ਹੋਣ ਦਾ, ਜੁਆਨੀ, ਵਡਿਆਈਆਂ ਦੇ ਹੰਕਾਰ ਨੇ ਮਨ ਵਿਚ ਟਿੱਬੇ ਉਸਾਰੇ ਹੋਏ ਹਨ।ਜਿੰਨਾ ਚਿਰ ਤਕ ਮਨ ਨੂੰ ਮੈਦਾਨ ਨਹੀ ਕਰਦਾ, ਰੱਬ ਦੀ ਮੇਹਰ ਦੇ ਮੀਂਹ ਤੋਂ ਮਨ ਖਾਲੀ ਹੀ ਰਹਿ ਜਾਂਦਾ ਹੈ।੧੦੫।

ਫਰੀਦਾ ਤਿਨਾ ਮੁਖ ਡਰਾਵਣੇ, ਜਿਨਾ ਵਿਸਾਰਿਓਨੁ ਨਾਉ ॥ ਐਥੈ ਦੁਖ ਘਣੇਰਿਆ, ਅਗੈ ਠਉਰ ਨ ਠਾਉ ॥੧੦੬॥ ਫਰੀਦ ਜੀ ਕਹਿੰਦੇ ਹਨ ਕਿ ਜਿਨ੍ਹਾਂ ਮਨੁੱਖਾਂ ਨੇ ਰੱਬ ਦੇ ਨਾਮ ਨੂੰ ਭੁਲਾ ਦਿਤਾ ਹੈ, ਉਨ੍ਹਾਂ ਦੇ ਮੂੰਹ ਡਰਾਉਣੇ (ਦਿਸਦੇ) ਹਨ {ਕਣ ਬਿਨਾ ਜੈਸੇ ਥੋਥਰ ਤੁਖਾ।ਨਾਮ ਬਿਹੂਨ ਸੂਨੇ ਸੇ ਮੁਖਾ ੧੯੨}।(ਉਨ੍ਹਾਂ ਨਾਮ ਹੀਣਾਂ ਮਨੁੱਖਾਂ ਨੂੰ) ਇਥੇ ਇਸ ਲੋਕ ਵਿਚ ਵੀ ਬਹੁਤ ਦੁਖ ਮਿਲਦੇ ਹਨ, ਅੱਗੇ ਪ੍ਰਲੋਕ ਵਿਚ ਵੀ ਠਹਿਰਨ ਨੂੰ ਜਗ੍ਹਾ ਨਹੀ ਮਿਲਦੀ (ਲੋਕ ਪ੍ਰਲੋਕ ਵਿਚ ਧੱਕੇ ਹੀ ਖਾਂਦੇ ਹਨ)।੧੦੬।

ਪਦਾਰਥ = ਤਿਨਾ–ਉਨ੍ਹਾਂ ਦੇ।ਮੁਖ–ਮੂੰਹ।ਜਿਨਾ–ਜਿਨ੍ਹਾਂ ਨੇ।ਵਿਸਾਰਿਓਨੁ–ਭੁਲਾ ਦਿਤਾ ਹੈ।ਐਥੈ–ਇਥੇ (ਇਸ ਜਗਤ ਵਿਚ)। ਘਣੇਰਿਆ–ਬਹੁਤ।ਅਗੈ–ਅੱਗੇ ਪ੍ਰਲੋਕ ਵਿਚ।ਠਉਰ ਨ ਠਾਉ–ਨਾ ਟਿਕਾਣਾ ਨਾ ਥਾਂ; ਠਹਿਰਨ ਲਈ ਥਾਂ।੧੦੬।

ਵਿਆਖਿਆ = ਇਹ ਇਕ ਅਟੱਲ ਸਚਾਈ ਹੈ ਕਿ ਬੰਦਗੀ ਵਾਲਿਆਂ ਦੇ ਮੂੰਹ ਉਤੇ ਰੌਣਕ ਹੁੰਦੀ ਹੈ।ਨਾਮ ਹੀਣ ਬੰਦੇ ਚਾਹੇ ਦੇਖਣ ਨੂੰ ਬਾਹਰੋਂ ਸੁੰਦਰ ਹੋਣ, ਪਰ ਚਿਹਰੇ ਤੇ ਗਮ ਉਦਾਸੀ ਦੇ ਪ੍ਰਤੱਖ ਚਿਨ੍ਹ ਦਿਖਦੇ ਹਨ।ਨਾ ਹੀ ਮਨ ਵਿਚ ਸ਼ਾਂਤੀ ਹੁੰਦੀ ਹੈ।

ਮਿਰਤਕ ਦੇਹ ਸਾਧ ਸੰਗ ਬਿਹੂਨਾ।ਆਵਤ ਜਾਤ ਜੋਨੀ ਦੁਖ ਖੀਨਾ।(੧੯੦)

ਫਰੀਦਾ ਪਿਛਲ ਰਾਤਿ ਨ ਜਾਗਿਓਹਿ, ਜੀਵਦੜੋ ਮੁਇਓਹਿ ॥ ਜੇ ਤੈ ਰਬੁ ਵਿਸਾਰਿਆ, ਤ ਰਬਿ ਨ ਵਿਸਰਿਓਹਿ ॥੧੦੭॥ ਹੇ ਫਰੀਦ! ਜੋ ਮਨੁੱਖ ਪਿਛਲੀ ਰਾਤ (ਅੰਮ੍ਰਿਤ ਵੇਲੇ ਰੱਬ ਦੀ ਬੰਦਗੀ ਕਰਨ ਲਈ) ਨਹੀਂ ਜਾਗਿਆ; ਮਨੁੱਖਾ ਦੇਹ ਰੂਪ ਪਿਛਲੀ ਰਾਤ ਵਿਖੇ ਮਾਇਆ ਦੀ ਨੀਂਦ ਵਿਚੋਂ ਨਹੀਂ ਜਾਗਿਆ (ਚੁਰਾਸੀ ਲੱਖ ਜੂਨ ਤੋਂ ਬਾਦ ਮਿਲਣ ਕਰਕੇ ਮਨੱਖਾ ਦੇਹ ਨੂੰ ਪਿਛਲੀ ਰਾਤ ਕਿਹਾ ਹੈ); ਬਿਰਧ ਅਵਸਥਾ ਰੂਪ ਪਿਛਲੀ ਰਾਤ ਸਿਮਰਨ ਵਿਚ ਨਹੀ ਜਾਗਿਆ (ਬਾਲ, ਜੁਆਨੀ ਤੋਂ ਪਿਛੋਂ ਆਉਣ ਕਰਕੇ ਬੁਢੇਪੇ ਨੂੰ ਪਿਛਲੀ ਰਾਤ ਕਿਹਾ ਹੈ), ਤਾਂ ਉਹ ਜਿਉਂਦਾ ਹੀ ਮਰਿਆ ਹੋਇਆ ਹੈ (ਸੰ. ਸ.।ਬੇ ਸਮਝੀ ਕਰਕੇ ਹੇ ਮਨੁੱਖ!) ਜੇ ਤੈਂ ਰਬ ਨੂੰ ਭੁਲਾ ਦਿਤਾ ਹੈ, ਤਾਂ ਰੱਬ ਨੇ ਤੈਨੂੰ ਨਹੀਂ ਭੁਲਾਇਆ (ਤੇਰੇ ਭੁਲਾ ਦੇਣ ਤੇ ਵੀ ਰੱਬ ਤੇਰਾ ਖਿਆਲ ਰਖਦਾ ਹੈ, ਪਾਲਣਾ ਕਰਦਾ ਹੈ)।੧੦੭।

ਪਦਾਰਥ = ਪਿਛਲ ਰਾਤਿ–ਅੰਮ੍ਰਿਤ ਵੇਲਾ।ਜੀਵਦੜੋ–ਜਿਉਂਦਾ ਹੀ।ਮੁਇਓਹਿ–ਮਰਿਆ ਹੋਇਆ ਹੈ।ਰਬੁ–ਰੱਬ ਨੂੰ।ਵਿਸਾਰਿਆ–ਭੁਲਾ ਦਿਤਾ ਹੈ।ਤ–ਤਾਂ।ਰਬਿ–ਰੱਬ ਨੇ।ਨ ਵਿਸਰਿਓਹਿ–ਨਹੀਂ ਭੁਲਾਇਆ।੧੦੭।

ਮ:੫ ॥ ਫਰੀਦਾ ਕੰਤੁ ਰੰਗਾਵਲਾ, ਵਡਾ ਵੇਮੁਹਤਾਜੁ ॥ ਅਲਹ ਸੇਤੀ ਰਤਿਆ, ਏਹੁ ਸਚਾਵਾਂ ਸਾਜੁ ॥੧੦੮॥ ਫਰੀਦ ਜੀ ਆਖਦੇ ਹਨ ਕਿ ਉਹ ਪਤੀ (ਖੁਦਾ) ਅਨੰਦ ਦੇਣ ਵਾਲਾ ਹੈ, (ਸਭ ਤੋਂ) ਵੱਡਾ ਹੈ ਅਤੇ ਬੇਮੁਹਤਾਜ (ਕਿਸੇ ਦੇ ਅਧੀਨ ਨਹੀਂ।ਜੇ) ਅੱਲਾ (ਦੇ ਨਾਮ) ਨਾਲ ਰੰਗੇ ਜਾਈਏ (ਪ੍ਰੇਮ ਕਰੀਏ), ਤਾਂ ਏਹੋ ਹੀ ਸੱਚ (ਰੱਬ) ਵਾਲਾ ਰੂਪ ਮਿਲ ਜਾਂਦਾ ਹੈ।੧੦੮।

ਪਦਾਰਥ = ਕੰਤੁ–ਪਤੀ (ਖੁਦਾ)।ਰੰਗਾਵਲਾ–ਅਨੰਦ ਦੇਣ ਵਾਲਾ; ਅਨੰਦ ਸਰੂਪ।ਵੇ ਮੁਹਤਾਜ–ਵੇ ਪ੍ਰਵਾਹ; ਅਧੀਨ ਨਹੀ।ਰਤਿਆ–ਰੰਗੇ ਜਾਈਏ।ਸੇਤੀ–ਨਾਲ।ਰਤਿਆ–ਰੰਗੇ ਜਾਈਏ।ਸਚਾਵਾਂ–ਸੱਚ (ਰੱਬ) ਵਾਲਾ।ਸਾਜੁ–ਸਮਾਨ; ਸਾਧਨ; ਸ਼ਿੰਗਾਰ; ਰੂਪ।੧੦੮।

ਮ:੫ ॥ ਫਰੀਦਾ ਦੁਖੁ ਸੁਖੁ ਇਕੁ ਕਰਿ, ਦਿਲ ਤੇ ਲਾਹਿ ਵਿਕਾਰੁ ॥ ਅਲਹ ਭਾਵੈ ਸੋ ਭਲਾ, ਤਾਂ ਲਭੀ ਦਰਬਾਰੁ ॥੧੦੯॥ ਗੁਰੂ ਜੀ ਆਖਦੇ ਹਨ, ਹੇ ਫਰੀਦ! (ਰੱਬ ਨਾਲ ਜੁੜੇ ਰਹਿਣ ਲਈ) ਦੁਖ ਤੇ ਸੁੱਖ ਨੂੰ ਇਕੋ ਜਿਹਾ ਕਰਕੇ ਸਮਝ ਅਤੇ ਦਿਲ ਵਿਚੋਂ ਪਾਪ ਦੂਰ ਕਰ ਦੇਹ।ਜੋ ਕੁਛ ਰੱਬ ਨੂੰ ਭਾਉਂਦਾ ਹੈ, ਉਸ ਨੂੰ ਭਲਾ ਕਰਕੇ ਜਾਣ, ਤਾਂ (ਤੈਨੂੰ ਰੱਬ ਦਾ) ਦਰਬਾਰ ਪ੍ਰਾਪਤ ਹੋਵੇਗਾ।੧੦੯।

ਪਦਾਰਥ = ਇਕ ਕਰਿ–ਇਕੋ ਜਿਹਾ ਕਰਕੇ ਜਾਣ।ਤੇ–ਤੋਂ।ਵਿਕਾਰੁ–ਪਾਪ।ਭਾਵੈ–ਚੰਗਾ ਲੱਗੇ।ਲਭੀ–ਲੱਭੇਗਾ; ਮਿਲੇਗਾ।੧੦੯।

ਵਿਆਖਿਆ = ਇਹ ਸਲੋਕ ਗੁਰੂ ਅਰਜਨ ਦੇਵ ਜੀ ਦਾ ਹੈ, ਰੱਬ ਨਾਲ ਜੁੜਨ ਦੀ ਜੁਗਤੀ ਦਸਦੇ ਹਨ।ਦੁਖ ਸੁਖ ਮਨੁੱਖ ਨੂੰ ਰੱਬ ਵਿਚ ਜੁੜੇ ਨਹੀ ਰਹਿਣ ਦੇਂਦੇ।ਕਿਉਂਕਿ ਮਨੁੱਖ ਦੁਖਾਂ ਵਿਚ ਘਬਰਾ ਜਾਂਦਾ ਹੈ, ਸੁਖ ਵਿਚ ਬਹੁਤ ਖੁਸ਼ ਹੋ ਕੇ ਰੱਬ ਨੂੰ ਭੁੱਲ ਜਾਂਦਾ ਹੈ ।ਜੇ ਦੁਖ ਸੁਖ ਨੂੰ ਇਕ ਸਮਾਨ ਜਾਣੇ ਭਾਵ ਰੱਬ ਵਲੋਂ ਕਿਸਮਤ ਵਿਚ ਲਿਖੇ ਹੋਏ ਸਮਝ ਕੇ ਖੁਸ਼ੀ ਨਾਲ ਭੋਗੇ ਤਾਂ ਰੱਬ ਲੱਭ ਜਾਂਦਾ ਹੈ।ਵਿਕਾਰਾਂ ਨੂੰ ਛੱਡ ਦੇਵੇ ਕਿਉਂਕਿ ਦੁਖ ਸੁਖ ਦਾ ਮੂਲ ਕਾਰਣ ਵਿਕਾਰ ਹੀ ਹਨ।੧੦੯।

ਮ:੫ ॥ ਫਰੀਦਾ ਦੁਨੀ ਵਜਾਈ ਵਜਦੀ, ਤੂ ਭੀ ਵਜਹਿ ਨਾਲਿ ॥ ਸੋਈ ਜੀਉ ਨ ਵਜਦਾ, ਜਿਸੁ ਅਲਹੁ ਕਰਦਾ ਸਾਰ ॥੧੧੦॥ ਗੁਰੂ

ਜੀ ਆਖਦੇ ਹਨ, ਹੇ ਫਰੀਦ! (ਦੁਨੀਆਂ ਇਕ ਸਾਜ ਦੀ ਤਰ੍ਹਾਂ ਹੈ) ਇਹ ਉਸੇ ਤਰ੍ਹਾਂ ਵਜਦੀ ਹੈ, ਜਿਵੇਂ ਕੋਈ ਇਸ ਨੂੰ ਵਜਾਉਂਦਾ ਹੈ (ਦੁਨੀਆਂ ਭੇਡ ਚਾਲ ਚਲਦੀ ਹੈ) ਤੂੰ ਵੀ (ਉਸੇ ਤਰ੍ਹਾਂ ਦੁਨੀਆਂ ਦੇ) ਨਾਲ ਵਜਦਾ ਹੈਂ (ਸਾਰੇ ਇਕ ਦੂਜੇ ਦੀ ਪ੍ਰੇਰਨਾ ਅਨੁਸਾਰ ਕੰਮ ਕਰਦੇ ਹਨ, ਜਿਸ ਪਾਸੇ ਕੋਈ ਪ੍ਰੇਰਦਾ ਹੈ, ਉਸੇ ਪਾਸੇ ਲਗ ਸਭ ਲਗ ਜਾਂਦੇ ਹਨ)। ਪਰ ਉਹ ਪੁਰਖ (ਦੁਨੀਆਂ ਵਾਂਗ) ਨਹੀ ਵਜਦਾ (ਦੁਨੀਆਂ ਦੇ ਆਮ ਲੋਕਾਂ ਵਾਂਗ ਕਰਮ ਨਹੀ ਕਰਦਾ) ਜਿਸ ਦੀ ਸਾਰ ਸੰਭਾਲ ਅੱਲਾ ਕਰਦਾ ਹੈ।੧੧੦।

ਪਦਾਰਥ = ਦੁਨੀ-ਦੁਨੀਆਂ। ਵਜਾਈ ਵਜਦੀ-(ਦੁਨੀਆਂ) ਮਾਇਆ ਦੀ ਵਜਾਈ ਵਜਦੀ ਹੈ (ਸਾਰੇ ਲੋਕ ਭੇਡ ਚਾਲ ਚਲਦੇ ਹਨ)। ਸੋਈ-ਉਹ। ਜੀਉ-ਮਨੁੱਖ। ਅਲਹੁ-ਅੱਲਾ। ਕਰਦਾ ਸਾਰ-ਸੰਭਾਲ ਕਰਦਾ ਹੈ।੧੧੦।

ਵਿਆਖਿਆ = ਜਿਵੇਂ ਸਾਜ ਵਜਦਾ ਹੋਵੇ, ਦੂਜਾ ਵੀ ਪਹਿਲੇ ਸਾਜ ਨਾਲ ਸੁਰ ਤਾਲ ਮਿਲਾ ਕੇ ਅਪਣਾ ਸਾਜ ਵਜਾਉਂਦਾ ਹੈ। ਇਸੇ ਤਰ੍ਹਾਂ ਸਾਰੀ ਦੁਨੀਆਂ ਇਕ ਦੂਜੇ ਦੀ ਰੀਸ ਵਿਚ ਮਾਇਆ ਪਿੱਛੇ ਭੱਜੀ ਫਿਰਦੀ ਹੈ। ਪਰ ਜਿਹੜੇ ਮਨੁੱਖ ਰੱਬ ਨਾਲ ਜੁੜੇ ਹਨ, ਉਹ ਦੁਨੀਆਂ ਦੇ ਲੋਕਾਂ ਦੀ ਰੀਸ ਨਹੀਂ ਕਰਦੇ। ਕਰਮ ਕਾਂਡ ਦੀ ਰੀਸ ਕਰਨਾ ਵੀ ਅਰਥ ਕੀਤਾ ਜਾ ਸਕਦਾ ਹੈ। ਭਗਤਾਂ ਤੇ ਸੰਸਾਰੀ ਲੋਕਾਂ ਦਾ ਰਸਤਾ ਵੱਖੋ ਵਖਰਾ ਹੈ।੧੧੦।

ਮ:੫ ॥ ਫਰੀਦਾ ਦਿਲੁ ਰਤਾ ਇਸੁ ਦੁਨੀ ਸਿਉ, ਦੁਨੀ ਨ ਕਿਤੈ ਕੰਮਿ ॥ ਮਿਸਲ ਫਕੀਰਾਂ ਗਾਖੜੀ, ਸੁ ਪਾਈਐ ਪੂਰ ਕਰੰਮਿ ॥੧੧੧ ॥ ਗੁਰੂ ਜੀ ਆਖਦੇ ਹਨ, ਹੇ ਫਰੀਦ! ਮਨੁੱਖ ਦਾ ਦਿਲ ਮਾਇਆ ਨਾਲ ਮਿਲਿਆ ਹੋਇਆ ਹੈ, ਇਹ ਮਾਯਾ ਕਿਸੇ ਕੰਮ ਆਉਣ ਵਾਲੀ ਨਹੀਂ। ਫਕੀਰਾਂ ਵਰਗੀ ਰਹਿਣੀ (ਰੱਖਣੀ) ਬੜੀ ਔਖੀ ਹੈ, ਉਹ (ਰਹਿਣੀ) ਪੂਰੇ ਭਾਗਾਂ ਨਾਲ ਪ੍ਰਾਪਤ ਹੁੰਦੀ ਹੈ।੧੧੧।

ਪਦਾਰਥ = ਰਤਾ-ਰਚਿਆ (ਮਿਲਿਆ) ਹੋਇਆ। ਦੁਨੀ-ਦੁਨੀਆਂ; ਮਾਇਆ। ਸਿਉ-ਨਾਲ। ਕਿਤੈ ਕੰਮਿ-ਕਿਸੇ ਕੰਮ ਵਿਚ ਨਹੀਂ ਆਉਂਦੀ। ਮਿਸਲ-ਰਹਿਣੀ (ਫਕੀਰਾਂ ਵਾਲੀ); ਰੁਤਬਾ; ਪਦਵੀ। ਗਾਖੜੀ-ਔਖੀ। ਸੁ-ਉਹ। ਪੂਰ ਕਰੰਮਿ-ਪੂਰਨ ਭਾਗਾਂ ਨਾਲ।੧੧੧।

ਵਿਆਖਿਆ = ਅੰਮ੍ਰਿਤ ਵੇਲੇ ਉਠ ਕੇ ਬੰਦਗੀ ਕਰਨੀ, ਵਿਸ਼ਿਆਂ ਤੋਂ ਦੂਰ ਰਹਿਣਾ, ਦੁਖ ਸੁਖ ਵਿਚ ਸਮਾਨ ਰਹਿ ਕੇ ਭਾਣਾ ਮੰਨਣਾ, ਫਕੀਰਾਂ ਦੀ ਰਹਿਣੀ ਹੈ। ਪਰ ਸੰਸਾਰੀ ਲੋਕਾਂ ਲਈ ਕਠਨ ਹੈ ਕਿਉਂਕਿ ਦੁਨੀਆਂ ਦੇ ਲੋਕਾਂ ਦਾ ਮਨ ਤਾਂ ਮਾਯਾ ਨਾਲ ਜੁੜਿਆ ਹੋਇਆ ਹੈ। ਭਾਗਾਂ ਨਾਲ ਹੀ ਇਹ ਰਹਿਤ ਮਿਲਦੀ ਹੈ।੧੧੧।

ਅੰਗ ੧੩੮੪ = ਪਹਿਲੈ ਪਹਿਰੈ ਫੁਲੜਾ, ਫਲੁ ਭੀ ਪਛਾ ਰਾਤਿ ॥ ਜੋ ਜਾਗੰਨਿ ਲਹੰਨਿ ਸੇ, ਸਾਈ ਕੰਨੋ ਦਾਤਿ ॥੧੧੨॥ (ਜਿਵੇਂ ਬ੍ਰਿਛਾਂ ਨੂੰ ਪਹਿਲਾਂ ਫੁੱਲ ਤੇ ਪਿੱਛੋਂ ਫਲ ਲਗਦੇ ਹਨ) ਇਸੇ ਤਰ੍ਹਾਂ ਪਹਿਲੀ ਰਾਤ ਦਾ ਕੀਤਾ ਭਜਨ ਫੁੱਲ ਲੱਗਣ ਵਾਂਗ ਤੇ ਪਿਛਲੀ ਰਾਤ (ਤੜਕੇ) ਦਾ ਭਜਨ ਕੀਤਾ ਫਲ ਵਾਂਙ ਹੈ। (ਫਰੀਦ ਜੀ ਆਖਦੇ ਹਨ) ਜੋ ਪੁਰਖ ਰਾਤ ਨੂੰ (ਭਜਨ ਵਿਚ) ਜਾਗਦੇ ਹਨ, ਉਹ ਸਾਂਈ ਪਾਸੋਂ (ਹਰੇਕ) ਦਾਤ ਲੈ ਲੈਂਦੇ ਹਨ।੧੧੨।

ਪਦਾਰਥ = ਪਹਿਲੈ ਪਹਿਰੈ-ਰਾਤ ਦੇ ਪਹਿਲੇ ਪਹਿਰ ਵਿਚ। ਫੁਲੜਾ-ਫੁੱਲ (ਸ਼ੁੱਭ ਗੁਣ ਰੂਪ)। ਫਲ-(ਬ੍ਰਹਮ ਗਿਆਨ ਰੂਪ) ਫਲ। ਪਛਾ ਰਾਤਿ-ਪਿਛਲੀ ਰਾਤ ਵਿਚ (ਅੰਮ੍ਰਿਤ ਵੇਲੇ)। ਲਹੰਨਿ-ਹਾਸਲ ਕਰਦੇ ਹਨ। ਸਾਈ-(ਸਾਂਈ ਬੋਲੋ) ਰੱਬ। ਕੰਨੋ-ਪਾਸੋਂ।੧੧੨।

ਸਾਖੀ = ਗੁਰੂ ਨਾਨਕ ਦੇਵ ਜੀ ਪਾਕ ਪਟਨ ਲਾਗੇ ਜੰਗਲ ਵਿਖੇ ਪੁਜ ਕੇ ਆਰਾਮ ਕਰਨ ਲਈ ਲੇਟ ਗਏ। ਸ਼ੇਖ ਬ੍ਰਹਮ ਵੀ ਲਾਗੇ ਹੀ ਬੰਦਗੀ ਕਰਦਾ ਸੀ। ਰਾਤ ਨੂੰ ਇਕ ਸ਼ਾਹੂਕਾਰ ਸ਼ੇਖ ਜੀ ਨੂੰ ਲੰਗਰ ਤੇ ਦੁੱਧ ਦੇ ਕੇ ਜਾਇਆ ਕਰਦਾ ਸੀ। ਉਹ ਸ਼ੇਖ ਜੀ ਨੂੰ ਲੰਗਰ ਤੇ ਦੁੱਧ ਛਕਾ ਕੇ ਵਾਪਸ ਜਾਂਦਾ ਸੀ, ਤਾਂ ਤਿੰਨ ਹੋਰ ਫਕੀਰ ਲੇਟੇ ਦਿਸੇ। ਉਹ ਘਰੋਂ ਜਾਕੇ ਗੁਰੂ ਜੀ ਹੋਰਾਂ ਲਈ ਹੋਰ ਲੰਗਰ ਤੇ ਦੁਧ ਲੈ ਆਇਆ। ਗੁਰੂ ਜੀ ਨੂੰ ਲੇਟੇ ਹੋਏ ਦੇਖ ਕੇ ਕੋਲ ਰੱਖ ਕੇ ਚਲਾ ਗਿਆ। ਸ਼ੇਖ ਜੀ ਨੇ ਕਿਹਾ ਜੇ ਰਾਤ ਤੁਸੀਂ ਜਾਗਦੇ ਹੁੰਦੇ ਤਾਂ ਭੋਜਨ ਤੁਹਾਨੂੰ ਵੀ ਮਿਲ ਜਾਣਾ ਸੀ। ਪਰ ਸ਼ੇਖ ਜੀ ਨੂੰ ਨਹੀ ਸੀ ਪਤਾ ਕਿ ਸ਼ਾਹੂਕਾਰ ਹੋਰ ਭੋਜਨ ਘਰੋਂ ਲਿਆ ਕੇ ਗੁਰੂ ਜੀ ਦੇ ਕੋਲ ਰੱਖ ਗਿਆ। ਸ਼ੇਖ ਬ੍ਰਹਮ ਜੀ ਨੇ ਫਰੀਦ ਜੀ ਦਾ ਸਲੋਕ ਬੋਲ ਕੇ ਗੁਰੂ ਜੀ ਨੂੰ ਸੁਣਾਇਆ। ਅਗਲੇ ਸਲੋਕ ਵਿਚ ਗੁਰੂ ਜੀ ਸ਼ੇਖ ਜੀ ਨੂੰ ਉਤਰ ਦੇਂਦੇ ਹਨ।੧੧੨।

ਦਾਤੀ ਸਾਹਿਬ ਸੰਦੀਆ, ਕਿਆ ਚਲੈ ਤਿਸੁ ਨਾਲਿ ॥ ਇਕਿ ਜਾਗੰਦੇ ਨਾ ਲਹਨਿ੍ ,ਇਕਨ੍ਾ ਸੁਤਿਆ ਦੇਇ ਉਠਾਲਿ ॥੧੧੩॥ (ਗੁਰੂ ਜੀ ਆਖਦੇ ਹਨ, ਹੇ ਸ਼ੇਖ ਜੀ!) ਇਹ ਸਾਰੀਆਂ ਦਾਤਾਂ ਮਾਲਕ ਦੀਆਂ ਹਨ, ਉਸ ਮਾਲਕ ਨਾਲ ਕਿਸੇ ਦਾ ਕੀ ਜੋਰ ਚਲ ਸਕਦਾ ਹੈ? (ਰਾਤ ਨੂੰ ਜਾਗਣ ਦਾ ਮਾਣ ਨਹੀਂ ਕਰਨਾ ਚਾਹੀਦਾ) ਕਈ ਜਾਗਦੇ ਹੋਏ ਵੀ (ਦਾਤਾਂ) ਨਹੀ ਲੈ ਸਕਦੇ ਅਤੇ ਕਈਆਂ (ਭਾਗਾਂ ਵਾਲਿਆਂ) ਸੁਤਿਆਂ ਪਿਆਂ ਨੂੰ ਆਪ ਮਾਲਕ ਜਗਾ ਕੇ (ਦਾਤਾਂ) ਦਿੰਦਾ ਹੈ।੧੧੩।

ਪਦਾਰਥ = ਦਾਤੀ-ਦਾਤਾਂ। ਸੰਦੀਆ-ਦੀਆਂ। ਕਿਆ ਚਲੈ-ਕੀ (ਚਾਰਾ; ਜੋਰ) ਚਲ ਸਕਦਾ ਹੈ? ਇਕਿ-ਕਈ। ਜਾਗੰਦੇ-ਜਾਗਦੇ ਹੋਏ । ਨ ਲਹਨਿ-ਨਹੀ ਲੈ ਸਕਦੇ। ਉਠਾਲਿ-ਉਠਾ (ਜਗਾ) ਕੇ।੧੧੩। ਇਹ ਸਲੋਕ ੮੩ ਅੰਗ ਤੇ ਵੀ ਹੈ।

ਵਿਆਖਿਆ = ਕੋਈ ਅੰਮ੍ਰਿਤ ਵੇਲੇ ਉਠਣ ਦਾ ਮਾਣ ਨਾ ਕਰੇ, ਕਿਉਂਕਿ ਤੜਕੇ ਜਾਗਣਾ ਤੇ ਭਜਨ ਕਰਨਾ ਵੀ ਉਸ ਮਾਲਕ ਦੀ ਹੀ ਦਾਤ ਹੈ। ਉਸ ਤੇ ਟੇਕ ਰੱਖੋ। ਕੋਈ ਵੀ ਉਸ ਤੋਂ ਜੋਰ ਨਾਲ ਦਾਤ ਨਹੀ ਲੈ ਸਕਦਾ, ਜਿਸ ਤੇ ਮੇਹਰ ਕਰ ਦੇਵੇ, ਉਸ ਨੂੰ ਸੁਤੇ ਪਏ

ਨੂੰ ਵੀ ਜਗਾ ਕੇ ਦੇਂਦਾ ਹੈ। ਕਈ ਗਿਆਨ ਅਵਸਥਾ ਵਿਚ ਜਾਗਦੇ ਹੋਏ ਹੰਕਾਰ ਕਰ ਲੈਂਦੇ ਹਨ, ਉਹ ਸਾਂਈ ਦੀ ਦਾਤ ਤੋਂ ਵਾਂਝੇ ਰਹਿ ਜਾਂਦੇ ਹਨ। ਇਕ ਸਾਂਈ ਤੇ ਟੇਕ ਰਖਦੇ ਹਨ, ਨਿਮ੍ਰਤਾ ਗਰੀਬੀ ਵਿਚ ਹੋਣ ਕਰਕੇ ਸਾਂਈ ਉਨ੍ਹਾਂ ਨੂੰ ਮੋਹ ਮਾਇਆ ਦੀ ਨੀਂਦ ਵਿਚੋਂ ਜਗਾ ਕੇ ਵੀ ਦਾਤਾਂ ਦੇਂਦਾ ਹੈ {ਸੁਤਿਆ ਆਪਿ ਉਠਾਲਿ ਦੇਇ, ਨਾਨਕ ਲਿਵ ਲਾਇ ੧੨੪੮}। ਜਿਵੇਂ ਕੋਈ ਗੁਰਦੁਆਰੇ ਆਵੇ ਤਾਂ ਜਾਗਦਿਆਂ ਨੂੰ ਵੀ ਪ੍ਰਸ਼ਾਦ ਮਿਲਦਾ ਹੈ ਤੇ ਸੁੱਤਿਆਂ ਨੂੰ ਵੀ ਉਠਾ ਕੇ ਦਿਤਾ ਜਾਂਦਾ ਹੈ ਤੇ ਗੁਰ ਸ਼ਬਦ ਦੀ ਵੀ ਕੋਈ ਤੁਕ ਕੰਨੀਂ ਪੈ ਜਾਂਦੀ ਹੈ। ਪਰ ਜੋ ਜਾਗਦੇ ਹੋਏ ਵੀ ਗੁਰ ਦੁਆਰੇ ਨਹੀ ਆਏ ਜਾਂ ਆ ਕੇ ਬਾਹਰ ਹੀ ਤੁਰਦੇ ਫਿਰਦੇ ਰਹੇ, ਉਹ ਨਾ ਸ਼ਬਦ ਦੀ ਕੋਈ ਤੁਕ ਸੁਣਦੇ ਹਨ, ਨਾ ਹੀ ਪ੍ਰਸ਼ਾਦ ਲੈ ਸਕਦੇ ਹਨ। ਸਾਖੀ = ਦੋ ਵਪਾਰੀ ਵਿਦੇਸ਼ ਵਿਚ ਅਪਣਾ ਕੋਈ ਕੀਮਤੀ ਸਮਾਨ ਵੇਚਣ ਲਈ ਸਮੁੰਦਰ ਦੇ ਕਿਨਾਰੇ ਜਹਾਜ ਚੜ੍ਹਨ ਲਈ ਗਏ। ਜਹਾਜ ਨੇ ਦੂਜੇ ਦਿਨ ਚਲਣਾ ਸੀ, ਉਨ੍ਹਾਂ ਵਿਚੋਂ ਇਕ ਤਾਂ ਜਹਾਜ ਵਿਚ ਚੜ੍ਹ ਕੇ ਆਰਾਮ ਕਰਨ ਲਈ ਸੌਂ ਗਿਆ, ਦੂਜਾ ਸ਼ਹਿਰ ਦੇਖਣ ਚਲਾ ਗਿਆ। ਇਹ ਸੋਚ ਕੇ ਕਿ ਜਦ ਜਹਾਜ ਦਾ ਬਿਗਲ ਬਜੇਗਾ ਆ ਕੇ ਚੜ੍ਹ ਜਾਵਾਂਗਾ। ਜਦ ਜਹਾਜ ਦਾ ਬਿਗਲ ਬੱਜਿਆ ਉਸ ਨੂੰ ਸੁਣਿਆ ਹੀ ਨਾ, ਜਹਾਜ ਚਲਾ ਗਿਆ। ਜਿਹੜਾ ਜਹਾਜ ਵਿਚ ਸੁੱਤਾ ਸੀ, ਉਸ ਨੂੰ ਜਗਾ ਕੇ, ਖ੍ਰੀਦਦਾਰਾਂ ਨੇ ਜਹਾਜ ਵਿਚ ਹੀ ਸੌਦਾ ਕਰ ਲਿਆ। ਉਸਨੇ ਸੁਤੇ ਪਏ ਨੇ ਲਾਭ ਖੱਟ ਲਿਆ। ਦੂਜੇ ਦਾ ਸਮਾਨ ਡਾਕੂਆਂ ਨੇ ਲੁੱਟ ਲਿਆ, ਇਹ ਜਾਗਦਾ ਹੋਇਆ ਵੀ ਨਫਾ ਨਾ ਖੱਟ ਸਕਿਆ। ੧੧੩।

ਢੂਢੇਦੀਏ ਸੁਹਾਗ ਕੂ, ਤਉ ਤਨਿ ਕਾਈ ਕੋਰ ॥ ਜਿਨ੍ਹਾ ਨਾਉ ਸੁਹਾਗਣੀ, ਤਿਨ੍ਹਾ ਝਾਕ ਨ ਹੋਰ ॥੧੧੪॥ ਹੇ ਪਤੀ ਪ੍ਰਭੂ ਨੂੰ ਲੱਭਣ ਵਾਲੀ ਜੀਵ ਰੂਪ ਇਤ੍ਰੀਏ! (ਤੈਨੂੰ ਪਤੀ ਦੇ ਨਾ ਮਿਲਣ ਦਾ ਕਾਰਣ) ਤੇਰੇ ਸਰੀਰ ਵਿਚ ਕੋਈ ਘਾਟ (ਦੋਸ਼) ਹੈ। ਜਿਨ੍ਹਾਂ ਦਾ ਨਾਂ ਸੁਹਾਗਣ ਹੈ (ਜੋ ਪਤੀ ਦੇ ਮਿਲਾਪ ਦਾ ਅਨੰਦ ਮਾਣਦੀਆਂ ਹਨ) ਉਨ੍ਹਾਂ ਦੀ ਪਤੀ ਮਾਲਕ ਤੋਂ ਬਿਨਾ ਹੋਰ ਕਿਸੇ ਵੱਲ ਤੱਕ ਨਹੀ ਹੁੰਦੀ (ਰੱਬ ਤੋਂ ਬਿਨਾ ਹੋਰ ਦਾ ਆਸਰਾ ਨਹੀ ਤੱਕਦੇ)। ੧੧੪। ਖਸਮੁ ਛੋਡਿ ਦੂਜੈ ਲਗੇ, ਡੁਬੇ ਸੇ ਵਣਜਾਰਿਆ। (੪੭੦)

ਪਦਾਰਥ = ਢੂਢੇਦੀਏ-ਲੱਭਣ ਵਾਲੀਏ। ਸੁਹਾਗ-ਪਤੀ। ਕੂ-ਨੂੰ। ਤਉ ਤਨਿ-ਤੇਰੇ ਸਰੀਰ ਵਿਚ। ਕਾਈ-ਕੋਈ। ਕੋਰ-ਘਾਟ; ਦੋਸ਼; ਕਮੀ। ਜਿਨ੍ਹਾ-ਜਿਨ੍ਹਾਂ ਦਾ। ਤਿਨ੍ਹਾ-ਉਨ੍ਹਾਂ ਦੀ। ਝਾਕ-ਨਜਰ; ਤੱਕ; ਆਸਰਾ। ੧੧੪। ਇਹ ਸਲੋਕ ਫਰੀਦ ਜੀ ਦਾ ਹੈ।

ਵਿਆਖਿਆ = ਇਕ ਐਸੇ ਫਕੀਰ ਨੂੰ ਸਿਖਿਆ ਦਿਤੀ ਹੈ ਜੋ ਸਰੀਰ ਦੇ ਸੁੱਖਾਂ ਦੀ ਇਛਿਆ ਰਬ ਤੋਂ ਬਿਨਾ ਲੋਕਾਂ ਜਾਂ ਕਿਸੇ ਹੋਰ ਦੇਵੀ ਦੇਵਤਿਆਂ ਤੋਂ ਢੂੰਢਦਾ ਹੈ। ੧੧੪।

ਸਬਰ ਮੰਝ ਕਮਾਣ, ਏ ਸਬਰੁ ਕਾ ਨੀਹਣੋ ॥ ਸਬਰ ਸੰਦਾ ਬਾਣੁ, ਖਾਲਕੁ ਖਤਾ ਨ ਕਰੀ ॥੧੧੫॥ ਹੇ ਭਾਈ! ਜੇ ਪੁਰਖ ਦੇ ਦਿਲ ਵਿਚ ਸੰਤੋਖ ਦੀ ਕਮਾਣ (ਸੰਤੋਖ ਵਿਚ ਰਹਿਣਾ ਕਮਾਣ) ਹੋਵੇ ਅਤੇ ਏਹ ਚਿੱਲਾ ਵੀ ਸਬਰ ਵਾਲਾ ਹੀ ਚੜ੍ਹਾਵੇ। ਤੀਰ ਵੀ ਸਬਰ ਦਾ ਹੋਵੇ (ਜੀਭ ਰਾਹੀਂ ਮੰਦੇ ਬੋਲ ਬੋਲ ਕੇ ਕਿਸੇ ਦਾ ਦਿਲ ਨਾ ਦੁਖਾਵੇ, ਮਨ, ਤਨ ਅਤੇ ਬਚਨਾਂ ਦੁਆਰਾ ਸੰਤੋਖ ਧਾਰਨ ਕਰੇ) ਤਾਂ ਐਸੇ ਮਨੁੱਖ ਦਾ ਚਲਾਇਆ ਤੀਰ ਰੱਬ ਨਿਫਲ ਨਹੀ ਜਾਣ ਦਿੰਦਾ (ਸੰਤੋਖੀ ਮਨੁੱਖ ਦੇ ਸਭ ਕੰਮ ਸਫਲ ਹੁੰਦੇ ਹਨ)। ੧੧੫।

ਪਦਾਰਥ = ਸਬਰ-ਸੰਤੋਖ। ਮੰਝ-(ਮਨ) ਵਿਚ। ਕਮਾਣ-ਧਨੁਖ। ਏ-ਏਹ। ਨੀਹਣੋ-ਚਿੱਲਾ। ਸੰਦਾ-ਦਾ। ਬਾਣ-ਤੀਰ। ਖਾਲਕੁ-ਰੱਬ। ਖਤਾ ਨ ਕਰੀ-ਵਿਅਰਥ ਨਹੀ ਜਾਣ ਦਿੰਦਾ। ੧੧੫।

ਸਬਰ ਅੰਦਰਿ ਸਾਬਰੀ, ਤਨੁ ਏਵੈ ਜਾਲੇਨ੍ਹਿ ॥ ਹੋਨਿ ਨਜੀਕਿ ਖੁਦਾਇ ਦੈ, ਭੇਤੁ ਨ ਕਿਸੈ ਦੇਨਿ ॥੧੧੬॥ ਸੰਤੋਖੀ ਪੁਰਖ ਸੰਤੋਖ ਵਿਚ ਰਹਿ ਕੇ ਇਸ ਤਰ੍ਹਾਂ (ਸਬਰ ਵਿਚ ਰਹਿ ਕੇ) ਤਨ ਨੂੰ ਸਾੜਦੇ ਹਨ; ਤਨ ਕਰਕੇ ਘੋਰ ਤਪ ਕਰਦੇ ਹਨ (ਸੰਤੋਖ ਰਖਣਾ ਤਪ ਹੈ)। ਉਹ ਖੁਦਾ ਦੇ ਨੇੜੇ ਹੋ ਜਾਂਦੇ ਹਨ ਅਤੇ ਅਪਣੇ ਅੰਦਰ ਦਾ ਕਿਸੇ ਨੂੰ ਭੇਤ ਨਹੀ ਦੇਂਦੇ (ਕਿ ਅਸੀਂ ਖੁਦਾ ਦੇ ਨੇੜੇ ਹਾਂ)। ੧੧੬।

ਪਦਾਰਥ = ਸਬਰ-ਸੰਤੋਖ। ਸਾਬਰੀ-ਸੰਤੋਖ ਰੱਖਣ ਵਾਲੇ। ਤਨੁ-ਸਰੀਰ ਨੂੰ। ਏਵੈ-ਇਸ ਤਰ੍ਹਾਂ। ਜਾਲੇਨ੍ਹਿ-ਸਾੜਦੇ ਹਨ (ਘੋਰ ਤਪ ਕਰਦੇ ਹਨ)। ਹੋਨਿ ਨਜੀਕਿ-ਨੇੜੇ ਹੁੰਦੇ ਹਨ। ਨ ਕਿਸੈ ਦੇਨਿ-ਕਿਸੇ ਨੂੰ ਨਹੀਂ ਦੇਂਦੇ। ੧੧੬।

ਵਿਆਖਿਆ = ਸੰਤੋਖੀ ਮਨੁੱਖ ਦੁੱਖਾਂ ਵਿਚ ਡੋਲਦੇ ਨਹੀਂ। ਸਬਰ ਵਿਚ ਰਹਿ ਕੇ ਦੁਖ ਝੱਲਦੇ ਹੋਏ ਹੰਕਾਰ ਮਰ ਜਾਂਦਾ ਹੈ। ਇਸ ਤਰ੍ਹਾਂ ਉਹ ਰੱਬ ਦੇ ਨੇੜੇ ਹੋ ਜਾਂਦੇ ਹਨ। ਅਪਣਾ ਆਪ ਜਾਹਰ ਵੀ ਨਹੀਂ ਕਰਦੇ ਕਿ ਅਸੀਂ ਵੱਡੇ ਭਗਤ ਹਾਂ। ੧੧੬।

ਸਬਰੁ ਏਹੁ ਸੁਆਉ, ਜੇ ਤੂ ਬੰਦਾ ਦਿੜੁ ਕਰਹਿ ॥ ਵਧਿ ਥੀਵਹਿ ਦਰੀਆਉ, ਟੁਟਿ ਨ ਥੀਵਹਿ ਵਾਹੜਾ ॥੧੧੭॥ ਹੇ ਬੰਦੇ! ਸੰਤੋਖ ਧਾਰਨ ਦਾ ਏਹ ਲਾਭ ਹੈ, ਜੇ (ਸੰਤੋਖ ਨੂੰ ਮਨ ਵਿਚ) ਪੱਕਾ ਕਰ ਲਵੇਂ (ਸੋਹਣੀ ਚੀਜ ਦੇਖ ਕੇ ਅੱਖਾਂ ਲਲਚਾਉਦੀਆਂ ਹਨ ਅਤੇ ਸੁਆਦੀ ਚੀਜਾਂ ਦੇਖ ਕੇ ਜੀਭ ਪਾਣੀ ਛਡਦੀ ਹੈ, ਵਾਸ਼ਨਾਂ ਤੋਂ ਰਹਿਤ ਹੋ ਜਾਵੇ)। ਤੂੰ ਵਧ ਕੇ ਦਰਿਆ ਰੂਪ ਹੋ ਜਾਏਂਗਾ (ਦਰਿਆ ਤੋਂ) ਟੁੱਟ ਕੇ ਨਾਲਾ ਰੂਪ ਨਹੀਂ ਹੋਵੇਂਗਾ (ਵੱਡੇ ਦਿਲ ਵਾਲਾ ਹੋ ਜਾਵੇਂਗਾ, ਤੰਗ ਦਿਲੀ ਨਹੀ ਰਹੇਗੀ ਜਾਂ ਰੱਬ ਰੂਪ ਹੋ ਜਾਵੇਂਗਾ, ਰੱਬ ਤੋਂ ਟੁੱਟ ਕੇ ਜੀਵ ਰੂਪ ਵਿਚ ਨਹੀ ਰਹੇਂਗਾ)। ੧੧੭।

ਪਦਾਰਥ = ਸਬਰੁ-ਸੰਤੋਖ। ਸੁਆਉ-ਲਾਭ; ਪ੍ਰਯੋਜਨ। ਬੰਦਾ-ਹੇ ਮਨੁੱਖ!। ਦਿੜੁ ਕਰਹਿ-ਪੱਕਾ ਕਰ ਲਵੇਂ। ਵਧਿ-ਵਧ ਕੇ। ਥੀਵਹਿ-ਹੋ ਜਾਏਂਗਾ। ਟੁਟਿ-ਟੁੱਟ ਕੇ (ਘਟ ਕੇ)। ਵਾਹੜਾ-ਨਾਲਾ; ਵਹਿਣ; ਪ੍ਰਵਾਹ। ੧੧੭।

ਵਿਆਖਿਆ = ਜੇ ਮਨੁੱਖ ਮਨ ਵਿਚ ਸੰਤੋਖ ਨੂੰ ਪੱਕਾ ਕਰ ਲਏ ਤਾਂ ਜਿਵੇਂ ਮੀਹ ਪੈਣ ਤੇ ਛੋਟੇ ਨਾਲਿਆਂ ਦਾ ਪਾਣੀ ਦਰਿਆ ਵਿਚ ਪੈ ਕੇ ਦਰਿਆ ਰੂਪ ਹੋ ਜਾਂਦਾ ਹੈ, ਇਸ ਤਰ੍ਹਾਂ ਨਿੱਕਾ ਮਨੁੱਖ ਵਧ ਕੇ ਰੱਬ ਰੂਪ ਹੋ ਜਾਂਦਾ ਹੈ। ਮੁੜ ਟੁੱਟ ਕੇ ਅਲਪੱਗ ਜੀਵ ਭਾਵ ਵਿਚ ਨਹੀ ਰਹਿੰਦਾ। ਸਾਖੀ = ਰੂਮ ਦੇ ਰਾਜੇ ਨੇ ਸਬਰ ਸੰਤੋਖ ਦੀ ਪ੍ਰੀਭਾਸ਼ਾ ਪੁਛੀ। ਕਿਸੇ ਨੇ ਦਸਿਆ, ਇਸਦਾ ਉਤਰ ਭਾਰਤ ਵਿਚੋਂ ਸਰਮਦ ਕੋਲੋਂ ਮਿਲ ਸਕਦਾ ਹੈ। ਰਾਜੇ ਨੇ ਅਪਣਾ ਦੂਤ ਔਰੰਗਜੇਬ ਕੋਲ ਭੇਜਿਆ। ਔਰੰਗੇ ਦੇ ਦਰਬਾਰੀਆਂ ਤੋਂ ਵੀ ਇਸਦਾ ਤਸੱਲੀ ਬਖਸ਼ ਉਤਰ ਨਾ ਮਿਲਿਆ। ਸਰਮਦ ਦਾ ਪਤਾ ਲੱਗਾ ਕਿ ਉਹ ਜੇਲ੍ਹ ਵਿਚ ਹੈ। ਰੂਮ ਦਾ ਦੂਤ ਸਰਮਦ ਕੋਲ ਜੇਲ੍ਹ ਵਿਚ ਗਿਆ। ਅੱਗੇ ਸਰਮਦ ਨੂੰ ਜਲਾਦ ਵੱਲੋਂ ਕੋਰੜੇ ਪੈਂਦੇ ਦੇਖੇ ਜੋ ਕਿ ਰੋਜ ਸੌ ਕੋਰੜੇ ਮਾਰੇ ਜਾਂਦੇ ਸਨ। ਉਸ ਤੋਂ ਬਾਦ ਦੋ ਸੁੱਕੀਆਂ ਰੋਟੀਆਂ ਲੂਣ ਦੀ ਡਲੀ ਨਾਲ ਤੇ ਇਕ ਪਾਣੀ ਦਾ ਪਿਆਲਾ ਆਇਆ। ਸਰਮਦ ਨੇ ਖਾ ਕੇ ਪਾਣੀ ਪੀਤਾ। ਰੂਮ ਦਾ ਦੂਤ ਇਹ ਸਭ ਦੇਖ ਕੇ ਦੁਖੀ ਹੋਇਆ ਅਤੇ ਅਪਣਾ ਸੁਆਲ ਪੁਛਿਆ । ਸਰਮਦ ਨੇ ਇਕ ਪਾਣੀ ਦੀ ਮਸ਼ਕ ਅਤੇ ਤੌਲੀਏ ਨਾਲ ਦੂਜੇ ਦਿਨ ਆਉਣ ਨੂੰ ਕਿਹਾ। ਦੂਜੇ ਦਿਨ ਦੋਵੇਂ ਚੀਜਾਂ ਲੈ ਕੇ ਦੂਤ ਮੁੜ ਹਾਜਰ ਹੋਇਆ। ਸਰਮਦ ਨੇ ਰੁਹਾਨੀ ਤਾਕਤ ਨਾਲ ਬੂਹਾ ਖੋਲ੍ਹ ਕੇ ਅੰਦਰ ਵਾੜ ਲਿਆ। ਸ਼ਨਾਨ ਕਰਕੇ ਤੇੜ ਤੌਲੀਆ ਬੰਨ੍ਹ ਕੇ ਸਮਾਧੀ ਲਾਕੇ ਦੂਤ ਨੂੰ ਕੋਲ ਬਿਠਾ ਲਿਆ ਅਤੇ ਦੂਤ ਦੇ ਸਿਰ ਤੇ ਹੱਥ ਰਖ ਕੇ ਅੱਖਾਂ ਮੀਟਣ ਨੂੰ ਕਿਹਾ। ਦੂਤ ਦੇਖ ਰਿਹਾ ਹੈ ਕਿ ਹਜਾਰਾਂ ਰੂਹਾਂ ਹੱਥ ਜੋੜ ਕੇ ਖਲੋਤੀਆਂ ਕਹਿ ਰਹੀਆਂ ਹਨ, ਹੇ ਦਰਵੇਸ਼! ਹੁਕਮ ਕਰੋ, ਇਸ ਔਰੰਗੇ ਨੂੰ ਰਾਜ ਸਮੇਤ ਨਸ਼ਟ ਕਰ ਦੇਈਏ। ਪਰ ਸਰਮਦ ਅਜੇਹਾ ਹੁਕਮ ਨਹੀਂ ਦੇਂਦਾ। ਅੱਖਾਂ ਖੁਲ੍ਹਾ ਕੇ ਸਰਮਦ ਨੇ ਕਿਹਾ, ਜਿਹੜਾ ਫਕੀਰ ਇੰਨੀਆਂ ਤਾਕਤਾਂ ਹੁੰਦਿਆਂ ਵੀ ਦੁੱਖ ਨੂੰ ਰੱਬੀ ਹੁਕਮ ਸਮਝ ਕੇ ਸਹਿੰਦਾ ਹੈ, ਇਹ ਹੈ ਸਬਰ। ਇਨ੍ਹਾਂ ਦੁਖਾਂ ਨੂੰ ਅਪਣੇ ਕੀਤੇ ਕਰਮਾਂ ਦਾ ਫਲ ਜਾਣੇ। ਇਤਨੀ ਗਰਮੀ, ਹਨ੍ਹੇਰੇ ਵਿਚ ਨੰਗਿਆਂ ਰਹਿ ਕੇ ਸਾਰੇ ਦਿਨ ਵਿਚ ਦੋ ਸੁੱਕੀਆਂ ਰੋਟੀਆਂ, ਇਕ ਪਾਣੀ ਦਾ ਪਿਆਲਾ ਪੀ ਕੇ ਵੀ ਖੁਸ਼ ਰਹਿਣਾ, ਇਹ ਹੈ ਸ਼ੁਕਰ। ਇਨ੍ਹਾਂ ਉਤਰਾਂ ਨਾਲ ਦੂਤ ਦੀ ਤਸੱਲੀ ਹੋ ਗਈ ਅਤੇ ਵਾਪਸ ਮੁੜ ਗਿਆ। ੧੧੭।

ਫਰੀਦਾ ਦਰਵੇਸੀ ਗਾਖੜੀ, ਚੋਪੜੀ ਪਰੀਤਿ ॥ ਇਕਨਿ ਕਿਨੈ ਚਾਲੀਐ, ਦਰਵੇਸਾਵੀ ਰੀਤਿ ॥੧੧੮॥ ਫਰੀਦ ਜੀ ਕਹਿੰਦੇ ਹਨ ਕਿ ਰੱਬ ਦੇ ਦਰ ਦੀ ਫਕੀਰੀ ਬੜੀ ਔਖੀ ਹੈ, ਪਰ ਲੋਕ ਤਾਂ ਰੱਬ ਨਾਲ ਉਪਰੋਂ ਉਪਰੋਂ ਹੀ (ਦਿਖਾਵੇ ਦੀ) ਪ੍ਰੀਤ ਕਰਦੇ ਹਨ। ਕਿਸੇ ਇਕ (ਵਿਰਲਾ) ਨੇ ਹੀ ਫਕੀਰਾਂ ਵਾਲੀ ਮਰਿਆਦਾ ਤੇ ਚਲਣਾ ਕੀਤਾ ਹੈ। ੧੧੮।

ਪਦਾਰਥ = ਗਾਖੜੀ–ਔਖੀ। ਚੋਪੜੀ–(ਚੋਪੜੀ ਦਾ ਭਾਵ ਹੈ ਉਤੋਂ ਉਤੋਂ ਚਿਕਨੀਆਂ ਗੱਲਾਂ ਕਰਨ ਵਾਲੇ ਫਕੀਰ ਬਥੇਰੇ ਹਨ); ਦਿਖਾਵੇ ਵਾਲੀ ਉਪਰੋਂ ਉਪਰੋਂ ਹੀ ਪ੍ਰੀਤ ਹੈ। ਇਕਨਿ ਕਿਨੈ–ਕਿਸੇ ਇਕ (ਵਿਰਲੇ) ਨੇ। ਚਾਲੀਐ–ਚਲਦਾ ਹੈ। ਦਰਵੇਸਾਵੀ–ਫਕੀਰਾਂ ਵਾਲੀ; ਟਕਸਾਲ ਨੇ 'ਦਰਵੇਸਾ ਵੀ' ਪਦਛੇਦ ਪਾਠ ਕੀਤਾ ਹੈ, ਪਰ ਅਰਥ ਫਕੀਰਾਂ ਵਾਲੀ ਹੀ ਕੀਤਾ ਹੈ। ਰੀਤਿ–ਮਰਿਆਦਾ। ੧੧੮।

ਤਨੁ ਤਪੈ ਤਨੂਰ ਜਿਉ, ਬਾਲਣੁ ਹਡ ਬਲੰਨ੍ਹਿ ॥ ਪੈਰੀ ਥਕਾਂ ਸਿਰਿ ਜੁਲਾਂ, ਜੇ ਮੂੰ ਪਿਰੀ ਮਿਲੰਨਿ ॥੧੧੯॥ (ਰੱਬ ਨੂੰ ਮਿਲਣ ਲਈ ਮੈ ਇਤਨਾ ਕਠਨ ਤਪ ਕਰਾਂ ਕਿ) ਬੇਸ਼ਕ ਮੇਰਾ ਤਨ ਤੰਦੂਰ ਵਾਂਗ ਤਪਣ ਲਗ ਜਾਵੇ ਅਤੇ ਹੱਡ ਬਾਲਣ ਵਾਂਗ (ਤੰਦੂਰ ਵਿਚ) ਬਲਦੇ ਰਹਿਣ। (ਜੇ ਪਿਆਰੇ ਦੇ ਰਸਤੇ) ਪੈਰਾਂ ਨਾਲ ਤੁਰਦੇ ਤੁਰਦੇ ਥੱਕ ਜਾਵਾਂ ਤਾਂ ਸਿਰ ਭਾਰ ਤੁਰਨ ਲਗ ਜਾਵਾਂ, ਜੇ ਮੈਨੂੰ ਪਿਆਰਾ ਰੱਬ ਮਿਲ ਜਾਵੇ (ਇਨ੍ਹਾਂ ਸਾਧਨਾਂ ਨਾਲ ਹੀ ਜੇ ਰੱਬ ਮਿਲਦਾ ਹੈ)। ੧੧੯।

ਪਦਾਰਥ = ਤਨੁ–ਸਰੀਰ। ਤਪੈ–ਤਪਦਾ ਰਹੇ। ਤਨੂਰ–ਤੰਦੂਰ; ਭੱਠੀ। ਜਿਉ–ਵਾਂਙ। ਬਲੰਨਿ–ਬਲਦੇ ਰਹਿਣ। ਪੈਰੀ–ਪੈਰਾਂ ਨਾਲ। ਸਿਰਿ ਜੁਲਾਂ–ਸਿਰ ਭਾਰ ਤੁਰ ਪਵਾਂ। ਮੂੰ–ਮੈਨੂੰ। ਪਿਰੀ–ਪਿਆਰਾ। ਮਿਲੰਨਿ–ਮਿਲ ਪਵੇ। ੧੧੯।

ਤਨੁ ਨ ਤਪਾਇ ਤਨੂਰ ਜਿਉ, ਬਾਲਣੁ ਹਡ ਨ ਬਾਲਿ ॥ ਸਿਰਿ ਪੈਰੀ ਕਿਆ ਫੇੜਿਆ, ਅੰਦਰਿ ਪਿਰੀ ਨਿਹਾਲਿ ॥੧੨੦॥ (ਫਰੀਦ ਜੀ ਦੇ ਉਪਰਲੇ ਸਲੋਕ ਦੇ ਉਤਰ ਵਿਚ ਇਹ ਸਲੋਕ ਗੁਰੂ ਨਾਨਕ ਦੇਵ ਜੀ ਨੇ ਉਚਾਰਿਆ ਹੈ। ਥੋੜੇ ਜਿਹੇ ਫਰਕ ਨਾਲ ਇਹ, ਸਲੋਕ ਵਾਰਾਂ ਤੇ ਵਧੀਕ ਵਿਚ ੧੪੧੧ ਤੇ ਹੈ) ਗੁਰੂ ਜੀ ਆਖਦੇ ਹਨ, ਹੇ ਫਰੀਦ! ਤਨ ਨੂੰ ਤੰਦੂਰ ਵਾਂਗ ਨਾ ਤਪਾ (ਅਤੇ ਅਪਣੇ) ਹੱਡਾਂ ਨੂੰ ਵੀ ਬਾਲਣ ਵਾਂਗ ਨਾ ਜਲਾ (ਰੱਬ ਨੂੰ ਮਿਲਣ ਲਈ ਐਸੀਆਂ ਧੂਣੀਆਂ ਤਾਪਣ ਦੀ ਲੋੜ ਨਹੀਂ)। ਸਿਰ ਅਤੇ ਪੈਰਾਂ ਨੇ ਤੇਰਾ ਕੀ ਵਿਗਾੜਿਆ ਹੈ? (ਸਰੀਰ ਨੂੰ ਕਸ਼ਟ ਦੇਣ ਨਾਲ ਰੱਬ ਨਹੀਂ ਮਿਲਦਾ) {ਪੁੰਨ ਦਾਨ ਜਪ ਤਪ ਜੇਤੇ, ਸਭ ਊਪਰਿ ਨਾਮੁ ੪੦੧}, ਅਪਣੇ ਅੰਦਰ ਹੀ ਪਿਆਰੇ ਦੇ ਦਰਸ਼ਨ ਕਰ ਲੈ (ਰੱਬ ਤਾਂ ਅੰਦਰ ਹੈ, ਬਿਰਤੀ ਅੰਤਰ ਮੁਖੀ ਕਰ)। ੧੨੦।

ਪਦਾਰਥ = ਤਨੁ–ਸਰੀਰ ਨੂੰ। ਤਨੂਰ ਜਿਉ–ਤੰਦੂਰ ਵਾਂਗ। ਸਿਰਿ ਪੈਰੀ–ਸਿਰ ਤੇ ਪੈਰਾਂ ਨੇ। ਫੇੜਿਆ–ਵਿਗਾੜਿਆ; ਗਵਾਇਆ। ਅੰਦਰਿ–ਅਪਣੇ ਸਰੀਰ ਦੇ ਅੰਦਰ ਹੀ (ਅੰਤਰ ਮੁਖੀ ਬਿਰਤੀ ਕਰਕੇ)। ਪਿਰੀ–ਪਤੀ ਪ੍ਰਭੂ ਨੂੰ। ਨਿਹਾਲਿ–ਦੇਖ ਲੈ। ੧੨੦।

ਹਉ ਢੂਢੇਦੀ ਸਜਣਾ, ਸਜਣੁ ਮੈਡੇ ਨਾਲਿ ॥ ਨਾਨਕ ਅਲਖੁ ਨ ਲਖੀਐ, ਗੁਰਮੁਖਿ ਦੇਇ ਦਿਖਾਲਿ ॥੧੨੧॥ ਹੇ ਭਾਈ! ਮੈਂ ਸਜਣ (ਪ੍ਰਭੂ ਨੂੰ ਬਾਹਰ) ਲੱਭਦੀ ਫਿਰਦੀ ਹਾਂ, ਪਰ ਸਜਣ (ਪ੍ਰਭੂ) ਤਾਂ ਮੇਰੇ ਨਾਲ ਹੀ ਹੈ (ਮੇਰੇ ਅੰਦਰ ਵਸਦਾ ਹੈ। ਸ੍ਰੀ ਗੁਰੂ ਰਾਮਦਾਸ ਜੀ ਆਖਦੇ ਹਨ ਕਿ) ਉਹ ਅਲੱਖ ਪ੍ਰਭੂ (ਅਪਣੇ ਆਪ) ਨਹੀਂ ਦੇਖਿਆ ਜਾਂਦਾ, ਸੱਤਗੁਰੂ ਦਿਖਾ ਦੇਂਦੇ ਹਨ। ੧੨੧।

ਪਦਾਰਥ = ਹਉ–ਮੈਂ। ਢੂਡੇਦੀ–ਲੱਭਦੀ ਫਿਰਦੀ ਹਾਂ। ਮੈਡੇ–ਮੇਰੇ। ਅਲਖੁ–ਅਦਿੱਖ ਹਰੀ। ਨ ਲਖੀਐ–ਦੇਖਿਆ ਨਹੀਂ ਜਾਂਦਾ। ਗੁਰਮੁਖਿ

–ਸੱਤਗੁਰੂ। ਦੇਇ ਦਿਖਾਲਿ–ਦਿਖਾ ਦੇਂਦਾ ਹੈ।੧੨੧।

ਵਿਆਖਿਆ = ਇਹ ਸਲੋਕ ਗੁਰੂ ਰਾਮਦਾਸ ਜੀ ਦਾ ਹੈ। ਥੋੜੇ ਫਰਕ ਨਾਲ ੧੩੧੮ ਅੰਗ ਤੇ ਵੀ ਹੈ। ਗੁਰੂ ਜੀ ਆਖਦੇ ਹਨ, ਹਰੀ ਬੇਸ਼ੱਕ ਹਰੇਕ ਦੇ ਨਾਲ ਵਸਦਾ ਹੈ, ਪਰ ਦੇਖਦੇ ਉਹ ਹਨ ਜੋ ਗੁਰੂ ਦੀ ਸ਼ਰਣ ਵਿਚ ਰਹਿ ਕੇ ਗੁਰੂ ਦੇ ਉਪਦੇਸ਼ ਅਨੁਸਾਰ ਚਲਦੇ ਹਨ।

ਹੰਸਾ ਦੇਖਿ ਤਰੰਦਿਆ, ਬਗਾ ਆਇਆ ਚਾਉ ॥ ਡੁਬਿ ਮੁਏ ਬਗ ਬਪੁੜੇ, ਸਿਰੁ ਤਲਿ ਉਪਰਿ ਪਾਉ ॥੧੨੨॥ ਹੇ ਭਾਈ! ਹੰਸਾਂ ਨੂੰ ਤਰਦਿਆਂ ਦੇਖ ਕੇ ਬਗਲਿਆਂ ਨੂੰ ਵੀ (ਤਰਨ ਦਾ) ਚਾਉ ਆ ਗਿਆ। (ਪਰ) ਬਗਲੇ ਬਿਚਾਰੇ ਸਿਰ ਥੱਲੇ ਪੈਰ ਉਪਰ (ਪੁੱਠੇ ਹੋ ਕੇ) ਭਾਵ ਸਿਰ ਪਰਨੇ ਡੁਬ ਕੇ ਮਰ ਗਏ।੧੨੨।

ਪਦਾਰਥ = ਹੰਸਾ–ਹੰਸਾਂ ਨੂੰ। ਦੇਖਿ ਤਰੰਦਿਆ–ਤਰਦਿਆਂ ਦੇਖ ਕੇ। ਬਗਾ–ਬਗਲਿਆਂ ਨੂੰ। ਚਾਉ–ਉਤਸ਼ਾਹ; ਖੁਸ਼ੀ। ਬਪੁੜੇ–ਬਿਚਾਰੇ। ਡੁਬਿ ਮੁਏ–ਡੁਬ ਕੇ ਮਰ ਗਏ। ਸਿਰ ਤਲਿ–ਸਿਰ ਹੇਠਾਂ। ਉਪਰਿ ਪਾਉ–ਪੈਰ ਉਪਰ ਵੱਲ ਨੂੰ ਹੋ ਕੇ।੧੨੨।

ਵਿਆਖਿਆ = ਦੰਭੀ ਕਪਟੀ ਸਾਧ, ਸੱਚੇ ਸਾਧੂਆਂ ਦੀ ਰੀਸ ਕਰਨ ਲਗ ਜਾਂਦੇ ਹਨ। ਸੱਚੇ ਸਾਧੂ ਧਰਮ ਦੇ ਮਾਰਗ ਤੇ ਚਲਦੇ ਹੋਏ ਮਾਇਆ ਦੇ ਮੋਹ ਅਤੇ ਪਦਾਰਥਾਂ ਦੇ ਚਸਕਿਆਂ ਤੋਂ ਅਲੇਪ ਰਹਿੰਦੇ ਹਨ। ਦੰਭੀ ਸਾਧ ਸੰਸਾਰ ਸਰੋਵਰ ਦੇ ਕਿਨਾਰੇ ਤੇ ਖੜੇ ਹੋ ਕੇ ਪਦਾਰਥਾਂ ਅਤੇ ਮਾਇਆ ਦੇ ਮੋਹ ਵਿਚ ਪੈ ਕੇ ਕੁਕਰਮ ਕਰਦੇ ਹੋਏ ਸੰਸਾਰ ਸਰੋਵਰ ਵਿਚ ਪੁੱਠੇ ਹੋ ਕੇ ਡੁੱਬ ਮਰਦੇ ਹਨ (ਕਿਉਂਕਿ ਤਰਨ ਨਹੀ ਜਾਣਦੇ, ਆਵਾਗੌਣ ਦੇ ਚੱਕਰ ਵਿਚ ਭਟਕਦੇ ਗੋਤੇ ਖਾਂਦੇ ਰਹਿੰਦੇ ਹਨ)। ਇਹ ਸਲੋਕ ਗੁਰੂ ਅਮਰਦਾਸ ਜੀ ਦਾ ਹੈ, ੫੮੫ ਅੰਗ ਤੇ ਵੀ ਆਇਆ ਹੈ। ਮਾਇਆ ਤੇ ਪਦਾਰਥਾਂ ਦਾ ਚੜ੍ਹਾਵਾ ਸੱਤ ਪੁਰਸ਼ਾਂ ਨੂੰ ਚੜ੍ਹਦਾ ਦੇਖ ਕੇ ਕਈ ਭੇਖੀ ਸਾਧੂਆਂ ਨੂੰ ਵੀ ਅਪਣੀ ਪੂਜਾ ਕਰਾਉਣ ਦਾ ਚਾ ਚੜ੍ਹਦਾ ਹੈ। ਸੱਤ ਪੁਰਖ, ਲੋਕਾਂ ਦੇ ਚੜ੍ਹਾਵੇ ਨੂੰ ਪਰ ਉਪਕਾਰ ਲਈ ਵਰਤਦੇ ਹਨ, ਭਜਨ ਵਿਚ ਲੋਕਾਂ ਨੂੰ ਜੋੜ ਕੇ ਸੰਸਾਰ ਤੋਂ ਤਾਰਦੇ ਹਨ। ਭੇਖੀ ਸਾਧ ਲੋਕਾਂ ਦੇ ਆਏ ਚੜ੍ਹਾਵੇ ਨੂੰ ਅਪਣੀ ਐਸ਼ ਪ੍ਰਸਤੀ ਲਈ ਵਰਤਦੇ ਹਨ। ਜੀਵਨ ਸੁਆਰਦੇ ਨਹੀ ,ਕੁਕਰਮ ਕਰਦੇ ਹਨ। ਸਾਰਾ ਦਿਨ ਉਨ੍ਹਾਂ ਦੀ ਝਾਕ ਲੋਕਾਂ ਦੇ ਚੜ੍ਹਾਵੇ ਵਿਚ ਹੀ ਰਹਿੰਦੀ ਹੈ। ਐਸੇ ਸਾਧ ਆਪ ਵੀ ਡੁਬਦੇ ਹਨ, ਸੰਗੀਆਂ ਨੂੰ ਵੀ ਨਾਲ ਡੋਬ ਦਿੰਦੇ ਹਨ।

ਉਥਾਨਕਾ = ਅਗਲਾ ਸਲੋਕ ਗੁਰੂ ਅਮਰਦਾਸ ਜੀ ਦਾ ਹੈ। ਆਪ ਜੀ ਕੋਲ ਇਕ ਸਾਧੂ ਆਇਆ। ਆਪ ਜੀ ਨੇ ਸਨਮਾਨ ਨਾਲ ਅਪਣੇ ਕੋਲ ਬਿਠਾ ਲਿਆ। ਗੁਰੂ ਜੀ ਕੋਲ ਇਕ ਕੀਮਤੀ ਮਾਲਾ ਸੀ। ਸਾਧ ਨੇ ਅੱਖ ਬਚ ਕੇ ਮਾਲਾ ਖਿਸਕਾ ਲਈ, ਤੇ ਅਪਣੇ ਆਸਣ ਥੱਲੇ ਰੱਖ ਲਈ। ਜਦ ਗੁਰੂ ਜੀ ਨੇ ਪੁਛਿਆ ਕਿ ਭਾਈ ਸਾਡੀ ਮਾਲਾ ਕਿੱਥੇ ਹੈ? ਹਵਾ ਨਾਲ ਸਾਧ ਦਾ ਆਸਣ ਥੋੜਾ ਉਚਾ ਹੋ ਗਿਆ ਤੇ ਮਾਲਾ ਦਿਸ ਪਈ। ਸਾਧ ਦਾ ਪਾਜ ਉਘੜ ਗਿਆ, ਗੁਰੂ ਜੀ ਨੇ ਸਲੋਕ ਉਚਾਰਿਆ।

ਮੈ ਜਾਨਿਆ ਵਡ ਹੰਸੁ ਹੈ, ਤਾਂ ਮੈ ਕੀਤਾ ਸੰਗੁ ॥ ਜੇ ਜਾਣਾ ਬਗੁ ਬਪੁੜਾ, ਜਨਮਿ ਨ ਭੇੜੀ ਅੰਗੁ ॥੧੨੩॥ (ਗੁਗਰੂ ਜੀ ਆਖਦੇ ਹਨ ਕਿ) ਮੈਂ ਤਾਂ ਜਾਣਿਆ ਸੀ ਕਿ ਪਰਮ ਹੰਸ (ਵੱਡਾ ਮਹਾਤਮਾ) ਹੈ (ਇਸੇ ਕਰਕੇ) ਇਸ ਸਾਧੂ ਦਾ ਸੰਗ ਕੀਤਾ ਸੀ। ਜੇ ਜਾਣਦੇ ਕਿ ਇਹ ਤਾਂ ਬਿਚਾਰਾ ਦੰਭੀ ਸਾਧ ਹੈ, ਤਾਂ ਅਸੀਂ ਸ਼ੁਰੂ ਤੋਂ ਸਰੀਰ ਇਸ ਦੇ ਨਾਲ ਨਾ ਮਿਲਾਉਂਦੇ (ਕੋਲ ਨਾ ਬਿਠਾਉਂਦੇ)।੧੨੩।

ਪਦਾਰਥ = ਵਡ ਹੰਸੁ–(ਸੰਨਿਆਸੀ ਸਾਧੂਆਂ ਦੀ ਉਚੀ ਪਦਵੀ ਪਰਮ ਹੰਸ ਹੈ) ਮਹਾਂ ਪੁਰਖ। ਸੰਗੁ–ਮੇਲ ਕੀਤਾ (ਕੋਲ ਬਿਠਾਇਆ)। ਬਗੁ–ਬਗਲਾ (ਪਖੰਡੀ ਸਾਧ)। ਬਪੁੜਾ–ਬਿਚਾਰਾ। ਜਨਮਿ–ਜਨਮ ਤੋਂ (ਸ਼ੁਰੂ ਤੋਂ)। ਨ ਭੇੜੀ–ਨਾ ਮਿਲਾਉਂਦੇ। ਅੰਗੁ–ਸਰੀਰ।੧੨੩।

ਵਿਆਖਿਆ = ਲੋਕ ਪਖੰਡੀ ਸਾਧੂਆਂ ਨਾਲ ਜੁੜ ਕੇ ਜੀਵਨ ਨਸ਼ਟ ਕਰ ਲੈਂਦੇ ਹਨ। ਗੁਰੂ ਜੀ ਅੰਤਰਯਾਮੀ ਹਨ, ਭੂਤ ਭਵਿਖ ਸਭ ਜਾਣਦੇ ਹਨ। ਪਖੰਡੀ ਸਾਧਾਂ ਦੀ ਜਾਣਕਾਰੀ ਸਿੱਖਾਂ ਨੂੰ ਦੇਣ ਲਈ ਗੁਰੂ ਜੀ ਨੇ ਇਸ ਘਟਨਾ ਰਾਹੀ ਸਿਖਿਆ ਦਿਤੀ ਹੈ। ਇਹ ਸਲੋਕ ੫੮੫ ਅੰਗ ਤੇ ਵੀ ਦਰਜ ਹੈ।੧੨੩।

ਕਿਆ ਹੰਸੁ ਕਿਆ ਬਗੁਲਾ, ਜਾ ਕਉ ਨਦਰਿ ਧਰੇ ॥ ਜੇ ਤਿਸੁ ਭਾਵੈ ਨਾਨਕਾ, ਕਾਗਹੁ ਹੰਸੁ ਕਰੇ ॥੧੨੪॥ ਹੇ ਭਾਈ! ਕਿਆ ਹੰਸ ਅਤੇ ਕਿਆ ਬਗਲਾ ਹੈ (ਬਗਲੇ ਨੂੰ ਹੰਸ ਕਰ ਦੇਣਾ ਰੱਬ ਲਈ ਕੀ ਔਖਾ ਹੈ?) ਜਿਸ ਉਤੇ ਰੱਬ ਮੇਹਰ ਦੀ ਨਜਰ ਧਰਦਾ ਹੈ (ਰੱਬ ਦੀ ਕ੍ਰਿਪਾ ਨਾਲ ਪਖੰਡੀ ਵੀ ਸੱਤ ਪੁਰਖ ਬਣ ਜਾਂਦਾ ਹੈ)। ਗੁਰੂ ਜੀ ਆਖਦੇ ਹਨ, ਜੇ ਪ੍ਰਭੂ ਨੂੰ ਭਾਵੇ ਤਾਂ (ਬਗਲਾ ਤਾਂ ਕੀ, ਉਹ ਪ੍ਰਭੂ) ਕਾਂ ਤੋਂ ਵੀ ਹੰਸ ਕਰ (ਬਣਾ) ਦਿੰਦਾ ਹੈ (ਕਾਂ ਵਾਂਗ ਮੰਦ ਕਰਮੀਆਂ ਨੂੰ ਮਹਾਂ ਪੁਰਖ ਬਣਾ ਦੇਂਦਾ ਹੈ)।੧੨੪।

ਅੰਮ੍ਰਿਤ ਸਰੁ ਸਤਿਗੁਰੁ ਸਤਿਵਾਦੀ, ਜਿਤੁ ਨਾਤੈ ਕਊਆ ਹੰਸੁ ਹੋਹੈ। (੪੯੩)

ਪਦਾਰਥ = ਹੰਸੁ–ਮੋਹ ਨੂੰ ਮਾਰ ਦੇਣ ਵਾਲਾ ਮਹਾਤਮਾ; ਸੰਤ। ਬਗੁਲਾ–ਬਗਲੇ ਵਰਗੇ ਪਖੰਡੀ ਸਾਧ। ਜਾ ਕਉ–ਜਿਸ ਉਤੇ। ਨਦਰਿ ਧਰੇ–ਮਿਹਰ ਦੀ ਨਜਰ ਧਰਦਾ (ਕਰਦਾ) ਹੈ। ਭਾਵੈ–ਚੰਗਾ ਲੱਗੇ। ਕਾਗਹੁ–ਕਾਂ ਮੈਲ ਖਾਂਦਾ ਹੈ, ਇਕ ਥਾਂ ਟਿਕ ਕੇ ਨਹੀ ਬੈਠਦਾ, ਸਾਰਾ ਦਿਨ ਕੁਰਲਾਉਂਦਾ ਰਹਿੰਦਾ ਹੈ, ਕਾਂ ਵਰਗੇ ਸੁਭਾਓ ਵਾਲੇ ਕਪਟੀ, ਵਿਸ਼ਈ, ਮੰਦ ਕਰਮੀ ਮਨੁੱਖ ਤੋਂ।੧੨੪।

ਵਿਆਖਿਆ = ਇਹ ਸਲੋਕ ਗੁਰੂ ਨਾਨਕ ਦੇਵ ਜੀ ਦਾ ਹੈ, ੬੧ ਅੰਗ ਤੇ ਵੀ ਥੋੜੇ ਫਰਕ ਨਾਲ ਲਿਖਿਆ ਹੋਇਆ ਹੈ। ਕਈ ਵਾਰ ਜਦ ਸੱਤਗੁਰੂ ਰਾਹੀਂ ਹਰੀ ਦੀ ਮੇਹਰ ਬਗਲੇ ਵਰਗੇ ਦੰਭੀ ਸੰਤਾਂ ਤੇ ਹੋ ਜਾਂਦੀ ਹੈ ਤਾਂ ਦੰਭੀ ਸੰਤ ਵੀ ਗੁਰਮੁਖ ਬਣ ਜਾਂਦੇ ਹਨ। ਹਰੀ

ਲਈ ਇਹ ਕੋਈ ਔਖੀ ਬਾਤ ਨਹੀ। ਓਹੁ ਤਾਂ ਜੇ ਚਾਹੇ ਤਾਂ ਕਾਂ ਵਰਗੇ ਵਿਸ਼ਈ ਮੰਦੇ ਕਰਮ ਕਰਨ ਵਾਲਿਆਂ ਨੂੰ ਵੀ ਪਰਮ ਹੰਸ ਬਣ ਦੇਂਦਾ ਹੈ। ਜਿਵੇਂ ਗੁਰੂ ਜੀ ਨੇ ਸੱਜਨ ਠੱਗ, ਮਲਕ ਭਾਗੋ, ਦੁਨੀ ਚੰਦ, ਕੌਡੇ ਰਾਕਸ਼ ਵਰਗਿਆਂ ਨੂੰ ਗੁਰਮੁਖ ਬਣਾ ਦਿਤਾ। ਜਦ ਐਸੇ ਪਾਪੀ, ਸੰਤ ਬਣ ਗਏ ਤਾਂ ਮਰਦਾਨਾ ਆਖਦਾ ਹੈ ਮਹਾਰਾਜ! ਇਨ੍ਹਾਂ ਦਾ ਸੁਧਾਰ ਹੋਣਾ ਔਖਾ ਸੀ। ਗੁਰੂ ਜੀ ਨੇ ਓਦੋਂ ਇਹ ਸਲੋਕ ਉਚਾਰਿਆ।੧੨੪।

ਸਰਵਰ ਪੰਖੀ ਹੇਕੜੋ, ਫਾਹੀਵਾਲ ਪਚਾਸ ॥ ਇਹੁ ਤਨੁ ਲਹਰੀ ਗਡੁ ਥਿਆ, ਸਚੇ ਤੇਰੀ ਆਸ ॥੧੨੫॥ ਹੇ ਭਾਈ! ਸੰਸਾਰ ਰੂਪ ਤਲਾਬ ਤੇ ਜੀਵ ਰੂਪ ਪੰਛੀ ਇਕੱਲਾ ਹੈ, ਪਰ ਇਸ ਨੂੰ ਫਸਾਉਣ ਵਾਲੇ (ਕਾਮਾਦਿਕਾਂ ਵਰਗੇ ਵੈਰੀ) ਪੰਜਾਹ ਹਨ। ਇਹ ਸਰੀਰ (ਵਿਸ਼ੇ ਵਿਕਾਰਾਂ ਦੀਆਂ) ਲਹਿਰਾਂ ਵਿਚ ਫਸ ਗਿਆ ਹੈ (ਇਨ੍ਹਾਂ ਤੋਂ ਬਚਣ ਲਈ) ਹੇ ਸੱਚੇ ਰੱਬ! ਇਕ ਤੇਰੀ ਆਸ ਹੈ।੧੨੫।

ਪਦਾਰਥ = ਸਰਵਰ–ਤਲਾਬ। ਪੰਖੀ–(ਜੀਵ ਰੂਪ) ਪੰਛੀ। ਹੇਕੜੋ–ਇਕ; ਇਕੱਲਾ। ਫਾਹੀਵਾਲ–ਫਸਾਉਣ ਵਾਲੇ; ਸ਼ਿਕਾਰੀ। ਪਚਾਸ–ਪੰਜਾਹ; ਬਹੁਤ। ਤਨੁ–ਸਰੀਰ। ਲਹਰੀ–ਲਹਿਰਾਂ ਵਿਚ। ਗਡੁ ਥਿਆ–ਫਸ (ਧਸ) ਗਿਆ। ਸਚੇ–ਹੇ ਰੱਬ!।੧੨੫।

ਵਿਆਖਿਆ = ਇਹ ਸਲੋਕ ਫਰੀਦ ਜੀ ਦਾ ਹੈ, ਅਗਲੇ ਵੀ ਸਾਰੇ ਸਲੋਕ ਫਰੀਦ ਜੀ ਦੇ ਹਨ। ਸੰਸਾਰ ਵਿਚ ਜੀਵ ਨੂੰ ਫਸਾਉਣ ਵਾਲੇ ਸ਼ਿਕਾਰੀ ਕਾਮ ਆਦਿਕ ਬਹੁਤ ਹਨ। ਜੀਵ ਇਕੱਲਾ ਹੈ, ਕੋਈ ਬਸ ਨਹੀ ਚਲਦਾ। ਵਿਸ਼ੇ ਵਿਕਾਰਾਂ ਤੇ ਤ੍ਰਿਸ਼ਨਾਂ ਦੀਆਂ ਲਹਿਰਾਂ ਵਿਚ ਗੱਡ ਹੋ ਗਿਆ ਹੈ। ਜੇ ਹਰੀ ਦੀ ਆਸ ਤੱਕ ਕੇ ਮਨੁੱਖ ਹਰੀ ਸ਼ਰਣ ਵਿਚ ਆ ਜਾਵੇ ਤਾਂ ਬਚਾ ਹੁੰਦਾ ਹੈ।੧੨੫।

ਨੋਟ:– ਫਰੀਦ ਜੀ ਨੇ ੧੧੯ ਵੇਂ ਸਲੋਕ ਵਿਚ ਕਿਹਾ ਹੈ, ਜੇ ਰਬ ਤਪ ਕਰਨ ਨਾਲ ਮਿਲਦਾ ਹੈ ਤਾਂ ਮੈਂ ਸਰੀਰਕ ਕਸ਼ਟ ਝੱਲਣ ਨੂੰ ਤਿਆਰ ਹਾਂ। ਗੁਰੂ ਅਰਜਨ ਦੇਵ ਜੀ ਦੇ ਨੇ ਫਰੀਦ ਜੀ ਦੇ ਇਸ ਸਲੋਕ ਦੇ ਉਤਰ ਵਿਚ ਵੱਖ ਵੱਖ ਵਾਰਾਂ ਵਿਚ ਗੁਰੂ ਸਾਹਿਬਾਨਾਂ ਦੇ ਉਚਾਰੇ ਹੋਏ ਪੰਜ ਸਲੋਕ ਇਥੇ ਦਰਜ ਕੀਤੇ, ਅਤੇ ਗੁਰਮਤਿ ਰਾਹੀਂ ਰੱਬ ਨੂੰ ਮਿਲਣ ਦਾ ਸੱਚਾ ਮਾਰਗ ਦਸਿਆ ਹੈ। ਇਨ੍ਹਾਂ ਪੰਜਾਂ ਸਲੋਕਾਂ ਵਿਚੋਂ ੧੨੦ ਤੇ ੧੨੪ ਦੋ ਸਲੋਕ ਮ: ੧ ਦੇ ਹਨ, ੧੨੨ ਤੇ ੧੨੩ ਮ: ੩ ਦੇ ਅਤੇ ੧੨੧ ਵਾਂ ਮ:੪ ਦਾ ਹੈ। ਸ਼ੇਖ ਫਰੀਦ ਜੀ (੧੧੭੩ ਈ.–੧੨੬੬ਈ.) ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਹੋਏ ਹਨ। ਇਸ ਦਾ ਭਾਵ ਇਹ ਨਹੀਂ ਕਿ ਗੁਰੂ ਜੀ ਨੇ ਅਪਣੀ ਬਾਣੀ ਸ਼ੇਖ ਫਰੀਦ ਜੀ ਦੀ ਬਾਣੀ ਸਾਮ੍ਹਣੇ ਰੱਖ ਕੇ ਲਿਖੀ। ਸੱਚ ਇਕ ਹੈ, ਸਦੀਵੀ ਹੈ, ਅਬਦਲ (Changeless) ਹੈ। ਜੋ ਵੀ ਸੰਤ ਭਗਤ ਰੱਬ ਦੀ ਭਗਤੀ ਕਰਕੇ ਉਸ ਮਹਾਨ ਸਚ ਤਕ ਪੁਜਦਾ ਹੈ, ਉਹ ਅੰਤਰ ਆਤਮੇ ਰੱਬ ਨਾਲ ਇਕ ਰੂਪ ਹੋ ਜਾਂਦਾ ਹੈ। ਜਿਵੇਂ ਦੁਨੀਆਂ ਭਰ ਦੀਆਂ ਨਦੀਆਂ ਸਾਗਰ ਵਿਚ ਮਿਲ ਕੇ ਸਾਗਰ ਦਾ ਰੂਪ ਬਣ ਜਾਂਦੀਆਂ ਹਨ, ਇਸੇ ਤਰ੍ਹਾਂ ਸਾਰੇ ਧਰਮਾਂ ਦੇ ਰੱਬ ਤਕ ਪਹੁੰਚੇ ਹੋਏ ਸੰਤ, ਭਗਤ, ਫਕੀਰ, ਗੁਰੂ, ਪੀਰ ਅੰਤਰ ਆਤਮੇ ਇਕ ਹੁੰਦੇ ਹਨ। ਦੂਜੇ ਅਰਥਾਂ ਵਿਚ ਉਨ੍ਹਾਂ ਸਭ ਦੀ ਆਤਮਾ ਇਕ ਰੂਪ ਹੋ ਜਾਂਦੀ ਹੈ। ਉਨ੍ਹਾਂ ਸਭਨਾਂ ਸੰਤਾਂ ਗੁਰੂਆਂ ਪੀਰਾਂ ਫਕੀਰਾਂ ਦੀ ਆਤਮਾ ਵਿਚੋਂ ਨਿਕਲੇ ਸੱਚੇ ਬੋਲ ਧੁਰ ਕੀ ਬਾਣੀ ਹਨ। ਉਨ੍ਹਾਂ ਸਭਨਾਂ ਦੀ ਆਤਮਾਂ ਵਿਚੋਂ ਆਏ ਸੱਚੇ ਬੋਲ ਆਪਸ ਵਿਚ ਸਭ ਦੇ ਮਿਲਦੇ ਹੁੰਦੇ ਹਨ। ਇਹ ਨਹੀਂ ਕਿ ਉਨ੍ਹਾਂ ਨੇ ਇਕ ਦੂਜੇ ਦੀ ਨਕਲ ਕੀਤੀ ਹੁੰਦੀ ਹੈ। ਸੱਚੇ ਵਾਹਿਗੁਰੂ ਤਕ ਪਹੁੰਚੇ ਹੋਏ ਸਭ ਮਹਾਂ ਪੁਰਖਾਂ ਦੇ ਬਚਨ ਇਕੋ ਜਿਹੇ ਹੁੰਦੇ ਹਨ। ਅਜ ਤੋਂ ਹਜਾਰਾਂ ਸਾਲ ਪਹਿਲਾਂ ਵੀ ਜੋ ਬੋਲ ਕਿਸੇ ਸੱਚੇ ਪ੍ਰਭੂ ਤਕ ਪੁੱਜੇ ਹੋਏ ਮਹਾਂ ਪੁਰਖ ਦੀ ਧੁਰ ਆਤਮਾ ਦੀ ਡੂੰਘਾਈ ਵਿਚੋਂ ਨਿਕਲੇ, ਉਹੀ ਸੱਚੇ ਬੋਲ ਆਉਣ ਵਾਲੇ ਹਜਾਰਾਂ ਹਜਾਰਾਂ ਸਾਲਾਂ ਤਕ ਜੋ ਵੀ ਪ੍ਰਭੂ ਤਕ ਪੁੱਜੀਆਂ ਹੋਈਆਂ ਆਤਮਾਵਾਂ ਵਿਚੋਂ ਨਿਲਣਗੇ, ਉਹ ਸਭ ਦੇ ਆਪਸ ਵਿਚ ਇਕੋ ਜਿਹੇ ਹੀ ਹੋਣਗੇ। ਉਹ ਸਚੀ ਬਾਣੀ ਭੂਤ, ਵਰਤਮਾਨ ਅਤੇ ਭਵਿਖ ਵਿਚ ਸਭ ਦੀ ਇਕੋ ਹੀ ਹੋਵੇਗੀ।

ਆਦਿ ਸਚੁ ਜੁਗਾਦਿ ਸਚੁ। ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ (ਜਪੁ)

ਗੁਰੂ ਅਰਜਨ ਦੇਵ ਜੀ ਭਗਤ ਬਾਣੀ ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਾਈ ਗੁਰਦਾਸ ਜੀ ਤੋਂ ਲਿਖਵਾਉਂਦੇ ਸਨ, ਜਿਹੜਾ ਵੀ ਭਗਤ ਬਾਣੀ ਦਾ ਸ਼ਬਦ ਜਾਂ ਸਲੋਕ ਗੂਹਜ ਭਾਵ ਵਾਲਾ ਹੈ, ਉਸ ਨੂੰ ਸਪੱਸ਼ਟ ਅਰਥਾਂ ਵਿਚ ਸਿੱਖ ਗੁਰੂ ਸਾਹਿਬਾਨਾਂ ਦੀ ਬਾਣੀ ਦੇ ਪ੍ਰਮਾਣ ਦੇ ਕੇ ਲਿਖ ਦੇਂਦੇ। ਤਾਂ ਕਿ ਆਉਣ ਵਾਲੇ ਲੋਕਾਂ ਨੂੰ ਗੁਹਜ ਭਾਵ ਸਮਝ ਵਿਚ ਆ ਸਕਣ। ਮਿਸਾਲ ਦੇ ਤੌਰ ਤੇ ਸ਼ੇਖ ਫਰੀਦ ਜੀ ਦਾ {ਕਾਲੀਂ ਜਿਨੀ ਨ ਰਾਵਿਆ} ਵਾਲੇ ਸਲੋਕ ਨੂੰ ਗੁਰੂ ਅਰਜਨ ਦੇਵ ਜੀ ਨੇ ਮ:੩ ਦੇ ਸਲੋਕ ਦਾ {ਫਰੀਦਾ ਕਾਲੀਂ ਧਉਲੀ ਸਾਹਿਬ ਸਦਾ ਹੈ} ਪ੍ਰਮਾਣ ਦੇ ਕੇ ਅਰਥ ਸਪੱਸ਼ਟ ਕਰ ਦਿਤਾ, ਤਾਂ ਕਿ ਕਿਸੇ ਦੇ ਮਨ ਵਿਚ ਭੁਲੇਖਾ ਨਾ ਰਹੇ। ਸੋ ਭਗਤ ਬਾਣੀ ਦੇ ਭਾਵਾਂ ਨੂੰ ਸਮਝਾਉਣ ਹਿਤ ਗੁਰੂ ਅਰਜਨ ਦੇ ਜੀ ਨੇ ਪਹਿਲੇ ਗੁਰੂਆਂ ਦੀ ਗੁਰਬਾਣੀ ਦੇ ਪ੍ਰਮਾਣ ਆਪ ਲਿਖੇ ਹਨ, ਜਿਥੇ ਉਨ੍ਹਾਂ ਨੇ ਲੋੜ ਸਮਝੀ। ਗੁਰੂ ਦੀ ਗਤ ਗੁਰੂ ਜੀ ਹੀ ਜਾਣਦੇ ਹਨ। ਮਨੁੱਖੀ ਮੱਤ ਗੁਰੂ ਦੇ ਮਨ ਦੀ ਅਵਸਥਾ ਸਮਝਣ ਤੋਂ ਅਸਮਰੱਥ ਹੈ। ਜੋ ਗੁਰੂ ਜੀ ਨੂੰ ਠੀਕ ਲੱਗਾ, ਉਨ੍ਹਾਂ ਨੇ ਉਹੀ ਕੀਤਾ ਹੈ। ਇਹ ਵੀ ਨਹੀਂ ਕਿਹਾ ਜਾ ਸਕਦਾ ਕਿ ਭਗਤ ਬਾਣੀ ਦੇ ਜਿਹੜੇ ਸ਼ਬਦ ਜਾਂ ਸਲੋਕ, ਗੁਰੂ ਬਾਣੀ ਦੇ ਆਸ਼ੇ ਨਾਲ ਨਹੀ ਸਨ ਮਿਲਦੇ, ਗੁਰੂ ਜੀ ਨੇ ਗੁਰੂ ਬਾਣੀ ਦੇ ਸ਼ਬਦ ਸਲੋਕ ਨਾਲ ਲਿਖ ਕੇ ਗੁਰਮਤਿ ਦਾ ਆਸ਼ਾ ਸਿੱਧ ਕੀਤਾ ਹੈ। ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਵਿਚ ਭਗਤਾਂ ਦੀ ਉਹ ਬਾਣੀ ਹੀ ਚੜ੍ਹਾਈ, ਜਿਹੜੀ ਗੁਰਮਤ ਨਾਲ ਮਿਲਦੀ ਸੀ। ਜਿਹੜੀ ਭਗਤ ਬਾਣੀ ਗੁਰਮੱਤ ਨਾਲ ਮੇਲ ਨਹੀਂ ਸੀ ਖਾਂਦੀ, ਉਹ ਗੁਰੂ ਜੀ ਨੇ ਮਨਜੂਰ ਹੀ ਨਹੀ ਕੀਤੀ। ਜਿਨ੍ਹਾਂ ਭਗਤਾਂ ਦੀ

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਿਖੀ ਹੋਈ ਹੈ, ਉਹ ਭਗਤ ਜਨ ਮਹਾਂਨ ਆਤਮਾਵਾਂ, ਪੂਰਨ ਪੁਰਖ ਸਨ ਅਤੇ ਅਕਾਲ ਪੁਰਖ ਵਿਚ ਲੀਨ ਸਨ। ਉਹ ਭਗਤ ਜਨ ਬੇਸ਼ੱਕ ਵੱਖ ਵੱਖ ਧਰਮਾਂ ਦੇ ਸਨ, ਪਰ ਇਕ ਪ੍ਰਭੂ ਨੂੰ ਜਪ ਕੇ ਉਸੇ ਦਾ ਰੂਪ ਹੋ ਗਏ। ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ੯੬੯। ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ੬੫੭ (ਰਵਿਦਾਸ ਜੀ)। ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ ੧੩੮੧। ਐਸੇ ਮਹਾਂ ਪੁਰਖ ਭਗਤਾਂ ਨੇ ਘਟ ਘਟ ਵਿਚ ਰੱਬ ਨੂੰ ਦੇਖਿਆ। ਸਰੀਰ ਸਦਾ ਨਹੀ ਰਹਿੰਦਾ, ਨਾਸ਼ਵੰਤ ਹੈ। ਪਰ ਐਸੇ ਰੱਬੀ ਪੁਰਖਾਂ ਦੀ ਆਤਮਾ ਵਿਚੋਂ ਆਈ ਸੱਚੀ ਬਾਣੀ ਸਦੀਵੀ ਹੈ। ਕਲਯੁੱਗ ਵਿਚ ਗੁਰੂ ਗ੍ਰੰਥ ਜੀ ਮਨੁੱਖਤਾ ਦੇ ਗੁਰੂ ਹਨ, ਇਸ ਤੱਤੇ ਸਮੇਂ ਵਿਚ ਗੁਰਬਾਣੀ ਹੀ ਮਨੁੱਖੀ ਮਨ ਨੂੰ ਠੰਢ ਦੇਣ ਵਾਲੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਵੱਖ ਵੱਖ ਭਗਤਾਂ, ਗੁਰੂ ਸਾਹਿਬਾਨ ਅਤੇ ਗੁਰ ਸਿੱਖਾਂ ਦੀ ਸਾਰੀ ਬਾਣੀ ਇਕ ਰੂਪ ਹੈ। ਜੋ ਬਾਣੀ ਗੁਰੂ ਗ੍ਰੰਥ ਵਿਚ ਚੜ੍ਹ ਗਈ, ਗੁਰੂ ਰੂਪ ਹੈ। ਇਸ ਵਿਚ ਕੋਈ ਵਖਰੇਵਾਂ ਨਹੀ ਜਾਣਨਾ ਚਾਹੀਦਾ। (ਹਰਜਿੰਦਰ ਸਿੰਘ ਗਿਆਨੀ) .

ਕਵਣੁ ਸੁ ਅਖਰੁ ਕਵਣੁ ਗੁਣੁ, ਕਵਣੁ ਸੁ ਮਣੀਆ ਮੰਤੁ ॥ ਕਵਣੁ ਸੁ ਵੇਸੋ ਹਉ ਕਰੀ, ਜਿਤੁ ਵਸਿ ਆਵੈ ਕੰਤੁ ॥੧੨੬॥ (ਫਰੀਦ ਜੀ ਨੂੰ ਕਿਸੇ ਨੇ ਪੁਛਿਆ, ਪਤੀ ਮਾਲਕ ਨੂੰ ਵਸ ਕਰਨ ਦੇ ਕੀ ਉਪਾਉ ਹਨ?) ਉਹ ਅੱਖਰ ਕਿਹੜਾ ਹੈ? ਕਿਹੜਾ ਗੁਣ ਤੇ ਉਹ ਸ੍ਰੋਮਣੀ ਮੰਤ੍ਰ ਕਿਹੜਾ ਹੈ? ਉਹ ਕਿਹੜਾ ਵੇਸ ਮੈਂ ਧਾਰਨ ਕਰਾਂ ਜਿਸ ਕਰਕੇ ਮੇਰਾ ਪਤੀ ਮੇਰੇ ਵਸ ਵਿਚ ਆ ਜਾਵੇ?।੧੨੬।

ਪਦਾਰਥ = ਕਵਣੁ–ਕਿਹੜਾ। ਸੁ–ਉਹ। ਮਣੀਆ–ਸ੍ਰੋਮਣੀ; ਕੀਮਤੀ। ਮੰਤੁ–ਮੰਤ੍ਰ। ਵੇਸੋ–ਲਿਬਾਸ। ਹਉ ਕਰੀ–ਮੈਂ ਧਾਰਨ ਕਰਾਂ। ਜਿਤੁ –ਜਿਸ ਨਾਲ। ਵਸਿ–ਵਸ ਵਿਚ। ਕੰਤੁ–ਪਤੀ (ਮਾਲਕ)।੧੨੬।

ਵਿਆਖਿਆ = ਇਸਤ੍ਰੀਆਂ ਆਮ ਕਰਕੇ ਪਤੀ ਨੂੰ ਵਸ ਵਿਚ ਕਰਨ ਲਈ ਸਾਧਾਂ ਤੋਂ ਧਾਗਾ ਤਵੀਤ ਜੰਤ੍ਰ ਆਦਿ ਕਰਾਉਂਦੀਆਂ ਹੁੰਦੀਆਂ ਸਨ। ਕੋਈ ਫਰੀਦ ਜੀ ਨੂੰ ਰੱਬ ਨੂੰ ਵਸ ਵਿਚ ਕਰਨ ਬਾਰੇ ਸੁਆਲ ਕਰਦਾ ਹੈ। ਇਸ ਵਿਚ ਚਾਰ ਸੁਆਲ ਹਨ। ੧ ਪੜ੍ਹਨ ਲਈ ਕਿਹੜਾ ਅਖਰ, ੨ ਧਾਰਨ ਕਰਨ ਲਈ ਕਿਹੜਾ ਗੁਣ, ੩ ਜਪਣ ਲਈ ਕਿਹੜਾ ਮੰਤ੍ਰ, ੪ ਪਹਿਨਣ ਲਈ ਕਿਹੜਾ ਵੇਸ? ਅਗਲੇ ਸਲੋਕ ਵਿਚ ਫਰੀਦ ਸਾਹਿਬ ਉਤਰ ਦੇਂਦੇ ਹਨ।੧੨੬।

ਨਿਵਣੁ ਸੁ ਅਖਰੁ ਖਵਣੁ ਗੁਣੁ, ਜਿਹਬਾ ਮਣੀਆ ਮੰਤੁ ॥ ਏ ਤ੍ਰੈ ਭੈਣੇ ਵੇਸ ਕਰਿ, ਤਾਂ ਵਸਿ ਆਵੀ ਕੰਤੁ ॥੧੨੭॥ ਉਹ ਅੱਖਰ ਹੈ ਨਿਮ੍ਰਤਾ (ਭਾਵ ਨਿਮ੍ਰਤਾ ਦਾ ਗੁਣ ਧਾਰਨ ਕਰਨਾ ਹੈ ਜੰਤ੍ਰ), ਕੌੜੇ ਬੋਲ ਜਾਂ ਦੁਖ ਸੁਖ ਸਹਾਰਨ ਦਾ ਗੁਣ (ਧਾਗਾ ਹੈ), ਜੀਭ ਨਾਲ ਮਿੱਠੇ ਬਚਨ ਬੋਲਣੇ ਸ੍ਰੋਮਣੀ ਮੰਤ੍ਰ ਹੈ (ਜਾਂ ਜੀਭ ਨਾਲ ਨਾਮ ਜਪਣਾ ਸ੍ਰੋਮਣੀ ਮੰਤ੍ਰ ਹੈ)। ਹੇ ਭੈਣ! (ਨਿਮ੍ਰਤਾ, ਸਹਾਰਨਾ ਅਤੇ ਮਿੱਠਾ ਬੋਲਣ) ਏਹ ਤਿੰਨ ਗੁਣ ਰੂਪ ਵੇਸ ਧਾਰ ਲੈ, ਤਾਂ ਪਤੀ ਤੇਰੇ ਵਸ ਵਿਚ ਆ ਜਾਵੇਗਾ (ਇਹ ਗੁਣ ਧਾਰਨ ਕਰਨ ਨਾਲ ਰੱਬ ਵਸ ਵਿਚ ਆ ਜਾਂਦਾ ਹੈ, ਦੁਨੀਆਵੀ ਪਤੀ ਕਿਉਂ ਨਹੀਂ ਵਸ ਵਿਚ ਹੋਣਗੇ?)।੧੨੭।

ਪਦਾਰਥ = ਨਿਵਣੁ–ਨਿਮ੍ਰਤਾ; ਨਿਉਣਾ। ਸੁ–ਉਹ। ਖਵਣੁ–ਸਹਾਰਨਾ; ਖਿਮਾ। ਜਿਹਬਾ–ਜੀਭ (ਦਾ ਮਿੱਠਾ ਹੋਣਾ; ਨਾਮ ਜਪਣਾ)। ਮਣੀਆ ਮੰਤੁ–ਜੀਭ ਨਾਲ ਮਿੱਠੇ ਬਚਨ ਬੋਲਣੇ ਸ਼੍ਰੋਮਣੀ ਮੰਤ੍ਰ ਹੈ। ਵਸਿ ਆਵੀ–ਵਸ ਵਿਚ ਆਵੇਗਾ। ਕੰਤੁ–ਪਤੀ ਪ੍ਰਭੂ।੧੨੭।

ਮਤਿ ਹੋਦੀ ਹੋਇ ਇਆਣਾ ॥ ਤਾਣ ਹੋਦੇ ਹੋਇ ਨਿਤਾਣਾ ॥ ਅਣਹੋਦੇ ਆਪੁ ਵੰਡਾਏ ॥ ਕੋ ਐਸਾ ਭਗਤੁ ਸਦਾਏ ॥੧੨੮॥ ਅਕਲ ਹੁੰਦਿਆਂ ਹੋਇਆਂ ਵੀ ਇਆਣਾ (ਬੱਚਾ) ਹੋ ਕੇ ਰਹੇ (ਅਪਣੀ ਮੱਤ ਦਾ ਹੰਕਾਰ ਨਾ ਕਰੇ, ਸੰਸਾਰਕ ਮੱਤ, ਵਿਦਿਆਕ ਮੱਤ, ਵਿਵਹਾਰਕ, ਪ੍ਰਮਾਰਥਕ ਮੱਤ ਹੁੰਦੇ ਹੋਏ ਵੀ ਭੋਲੇ ਭਾਵ ਵਿਚ ਰਹੇ)। ਸਰੀਰਕ (ਮਾਨਸਕ, ਕਰਾਮਾਤੀ, ਰਾਜਸੀ) ਤਾਕਤ ਹੁੰਦੇ ਹੋਏ ਵੀ ਨਿਰਬਲ ਹੋ ਕੇ ਰਹੇ (ਤਾਕਤ ਦੀ ਵਰਤੋਂ ਲੋਕਾਂ ਨੂੰ ਦਬਾਉਣ ਲਈ ਨਾ ਕਰੇ। ਅਪਣੇ ਕੋਲ ਕੁਛ) ਨਾ ਹੋਣ ਤੇ ਵੀ (ਜਦ ਕੁਛ ਆਵੇ ਤਾਂ) ਅਣ ਹੁੰਦੇ ਆਪ ਨੂੰ ਵੰਡ ਦੇਵੇ। ਜੇ ਕੋਈ ਐਸੇ ਗੁਣਾਂ ਵਾਲਾ ਹੋਵੇ, ਉਹ ਭਗਤ ਅਪਣੇ ਆਪ ਨੂੰ ਭਗਤ ਸਦਾ ਸਕਦਾ ਹੈ।੧੨੮।

ਅਣਹੋਦੇ ਆਪੁ ਵੰਡਾਏ = ਅਪਣਾ ਹਿੱਸਾ ਵੰਡ ਦੇਵੇ ਭਾਵ ਵੰਡ ਕੇ ਖਾਵੇ। ਅਣ ਹੁੰਦੇ ਵਿਚੋਂ ਕੋਈ ਕੀ ਵੰਡੇ? ਹੁੰਦਾ ਤਾਂ, ਬੇਸ਼ੱਕ ਥੋੜਾ ਹੀ ਹੋਵੇ, ਉਸ ਵਿਚੋਂ ਤਾਂ ਕੋਈ ਵੰਡ ਸਕਦਾ ਹੈ, ਜਿਵੇਂ ਗੁਰੂ ਨਾਨਕ ਦੇਵ ਜੀ ਨੇ ਤਿਲ ਵੀ ਵੰਡ ਕੇ ਖਾਧਾ ਸੀ। ਅਣ ਹੋਂਦਾ ਆਪਾ ਹੈ, ਹਉਮੈ, ਜੋ ਹੈ ਨਹੀ, ਪਰ ਲਗਦੀ ਹੈ ਕਿ ਹੈ। ਉਸ ਅਣ ਹੋਂਦੇ ਆਪੇ ਨੂੰ ਵੰਡ ਦੇਵੇ ਭਾਵ ਹਉਮੈ ਦੂਰ ਕਰ ਦੇਵੇ।

ਪਦਾਰਥ = ਮਤਿ–ਬੁਧੀ; ਅਕਲ। ਹੋਦੀ–ਹੁੰਦੀ ਹੋਈ। ਇਆਣਾ–ਬੱਚਾ; ਅਣਜਾਣ। ਤਾਣ–ਬਲ; ਤਾਕਤ। ਨਿਤਾਣਾ–ਬਲ ਹੀਣ। ਅਣਹੋਦੇ–ਅਣਹੋਂਦ; ਥੋੜਾ ਹੁੰਦਿਆ ਹੋਇਆਂ ਵੀ। ਕੋ–ਕੋਈ। ਸਦਾਏ–ਅਖਵਾ ਸਕਦਾ ਹੈ।੧੨੮।

ਇਕੁ ਫਿਕਾ ਨ ਗਾਲਾਇ, ਸਭਨਾ ਮੈ ਸਚਾ ਧਣੀ ॥ ਹਿਆਉ ਨ ਕੈਹੀ ਠਾਹਿ, ਮਾਣਕ ਸਭ ਅਮੋਲਵੇ ॥੧੨੯॥ ਹੇ ਭਾਈ! ਕਿਸੇ (ਮਨੁੱਖ ਨੂੰ) ਇਕ ਵੀ ਫਿੱਕਾ ਬਚਨ ਨਾ ਬੋਲ, ਕਿਉਂਕਿ ਸਭ (ਜੀਵਾਂ) ਵਿਚ ਸੱਚਾ ਰੱਬ (ਵਸਦਾ) ਹੈ। (ਫਿੱਕਾ ਬੋਲ ਕੇ ਕਿਸੇ ਦਾ) ਹਿਰਦਾ ਨਾ ਢਾਹ, ਕਿਉਂਕਿ ਸਭ ਦੇ ਹਿਰਦੇ ਮਾਣਕ ਵਾਂਗ ਅਮੋਲਕ ਹਨ; ਸਾਰਿਆਂ ਦੇ ਦਿਲਾਂ ਵਿਚ ਮਾਣਕ ਰੂਪ ਅਮੋਲਕ ਰੱਬ ਵਸਦਾ ਹੈ।੧੨੯।

ਪਦਾਰਥ = ਇਕ ਫਿਕਾ–ਇਕ ਵੀ ਫਿੱਕਾ (ਬਚਨ)। ਨ ਗਾਲਾਇ–ਨਾ ਬੋਲ। ਸਭਨਾ ਮੈ–ਸਭ ਜੀਵਾਂ ਵਿਚ। ਧਣੀ–ਪਤੀ (ਰੱਬ)।

ਹਿਆਉ–ਰਿਦਾ।ਕੈਹੀ–ਕਿਸੇ ਦਾ।ਨ ਠਾਹਿ–ਢਾਹ; ਨਾ ਦੁਖਾ।ਮਾਣਕ–ਲਾਲ ਰੰਗ ਦਾ ਕੀਮਤੀ ਰਤਨ।ਅਮੋਲਵੇ–ਅਮੋਲਕ।੧੨੯।

ਵਿਆਖਿਆ = ਸਭ ਜੀਵਾਂ ਦੇ ਅੰਦਰ ਰੱਬ ਹੈ।ਕਿਸੇ ਦਾ ਦਿਲ ਦੁਖਾਉਣ ਨਾਲ ਦਿਲ ਵਿਚ ਬੈਠੇ ਰੱਬ ਤਕ ਠੇਸ ਪਹੁੰਚੇਗੀ।ਅਗਲੇ ਸਲੋਕ ਵਿਚ ਵੀ ਏਹੀ ਵਿਸ਼ਾ ਹੈ।੧੨੯।

ਸਭਨਾ ਮਨ ਮਾਣਿਕ, ਠਾਹਣੁ ਮੂਲਿ ਮਚਾਂਗਵਾ ॥ ਜੇ ਤਉ ਪਿਰੀਆ ਦੀ ਸਿਕ, ਹਿਆਉ ਨ ਠਾਹੇ ਕਹੀ ਦਾ ॥੧੩੦॥ ਹੇ ਭਾਈ! ਸਭ ਦੇ ਮਨ ਅਮੋਲਕ ਮਾਣਕ ਰੂਪ ਹਨ, ਇਸ ਲਈ (ਕਿਸੇ ਦਾ ਦਿਲ) ਢਾਹੁਣਾ ਉਕਾ ਹੀ ਚੰਗਾ ਨਹੀ।ਹੇ ਭਾਈ! ਜੇ ਤੈਨੂੰ ਪਤੀ ਪ੍ਰਭੂ ਨੂੰ ਮਿਲਣ ਦੀ ਇੱਛਾ ਹੈ, ਤਾਂ ਤੂੰ ਕਿਸੇ ਦਾ ਹਿਰਦਾ ਨਾ ਢਾਹ।੧੩੦।

ਪਦਾਰਥ = ਸਭਨਾ–ਸਭ ਜੀਵਾਂ ਦੇ।ਮਾਣਿਕ–ਅਮੋਲਕ (੧੨੯ ਵੇਂ ਸਲੋਕ ਵਿਚ ਕਿਹਾ ਹੈ ਕਿ 'ਸਭਨਾ ਮੈ ਸਚਾ ਧਣੀ' ਅਤੇ 'ਮਾਣਕ ਸਭ ਅਮੋਲਵੇ' ਭਾਵ ਸਭ ਵਿਚ ਵਾਹਿਗੁਰੂ ਦੀ ਜੋਤ ਹੈ, ਇਸ ਕਰਕੇ ਸਭ ਦੇ ਮਨ ਮਾਣਕ ਵਾਂਙ ਕੀਮਤੀ ਹਨ)।ਠਾਹਣੁ–ਦੁਖਾਉਣਾ; ਢਾਹੁਣਾ।ਮੂਲਿ–ਉਕਾ ਹੀ।ਮਚਾਂਗਵਾ–ਚੰਗਾ ਨਹੀ।ਤਉ–ਤੈਨੂੰ।ਪਿਰੀਆ–ਪਤੀ ਪ੍ਰਭੂ।ਸਿਕ–ਇੱਛਾ।ਹਿਆਉ–ਹਿਰਦਾ।ਨ ਠਾਹੇ–ਨਾ ਢਾਹ; ਨਾ ਦੁਖਾ।ਕਹੀ ਦਾ–ਕਿਸੇ ਦਾ।੧੩੦।

॥ ਸਲੋਕ ਸੇਖ ਫਰੀਦ ਕੇ ਸਮਾਪਤ ॥

ਵਾਟ ਹਮਾਰੀ ਖਰੀ ਉਡੀਣੀ।ਖੰਨਿਅਹੁ ਤਿਖੀ ਬਹੁਤੁ ਪਿਈਣੀ।
ਉਸੁ ਊਪਰਿ ਹੈ ਮਾਰਗੁ ਮੇਰਾ।ਸੇਖ ਫਰੀਦਾ ਪੰਥੁ ਸਮ੍ਹਾਰਿ ਸਵੇਰਾ।
(ਅੰਗ ੭੯੪)

ਬਾਬਾ ਸ਼ੇਖ ਫਰੀਦ ਸਾਹਿਬ ਜੀ ਦੇ ਸਲੋਕਾਂ ਦੇ ਅਰਥ ਲਿਖਦਿਆਂ ਬਹੁਤ ਭੁੱਲਾਂ ਹੋਈਆਂ ਹੋਣਗੀਆਂ। ਹੇ ਸਤਿਗੁਰੂ ਜੀਓ! ਅਣਜਾਣ ਬੁੱਧੀਹੀਣ ਬਾਲਕ ਸਮਝ ਕੇ ਮੁਆਫ ਕਰ ਦੇਣਾ ਜੀ।ਅਗਲੇ ਅਰਥ ਆਪ ਜੀ ਦਾਸ ਨੂੰ ਬੁੱਧੀ ਬਖਸ਼ ਕੇ, ਚੰਗੀ ਤਰ੍ਹਾਂ ਸ਼ੁੱਧ ਲਿਖਵਾ ਲੈਣੇ ਜੀ।ਆਪ ਜੀ ਦਾ ਕੋਟਾਨ ਕੋਟ ਧੰਨਵਾਦ ਹੈ॥

9 JAN. 2008 (10.30 P.M.)